# INDEX


| ਮੱਦ ਨੰ: | ਵਿਸ਼ਾ | ਪੰਨ੍ਹਾਂ ਨੰ: |
|---|---|---|
| 45.01 | ਪੰਜਾਬ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ ਅਥਾਰਿਟੀ ਦੀ 44ਵੀ ਮੀਟਿੰਗ ਦੀ ਕਾਰਵਾਈ ਦੀ ਪੁਸ਼ਟੀ ਕਰਨ ਬਾਰੇ। | 2 – 7 |
| 45.02 | ਪੰਜਾਬ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ ਅਥਾਰਿਟੀ (ਪੁੱਡਾ) ਦੀ ਮਿਤੀ 17.06.2011 ਹੋਈ 44ਵੀ ਮੀਟਿੰਗ ਵਿੱਚ ਲਏ ਗਏ ਫੈਸਲਿਆਂ ਅਨੁਸਾਰ ਕੀਤੀ ਗਈ ਕਾਰਵਾਈ ਸਬੰਧੀ ਮੱਦਵਵਾਰ ਵਿਵਰਣ। | 8–11 |
| 45.03 | ਪੁੱਡਾ ਵਿੱਚ ਦੂਜੇ ਮਹਿਕਮਿਆਂ ਤੋਂ ਪੱਕੇ ਤੌਰ ਤੇ ਮਰਜ ਹੋਏ ਕਰਮਚਾਰੀਆਂ ਨੂੰ ਪੁੱਡਾ ਕਰਮਚਾਰੀਆਂ ਲਈ ਪਲਾਟਾਂ ਦੀ ਉਲੀਕੀ ਗਈ ਸਕੀਮ ਵਿੱਚ 5 ਸਾਲ ਦੀ ਸੇਵਾ ਤੋਂ ਛੋਟ ਦੇਣ ਸਬੰਧੀ । | 12 – 26 |
| 45.04 | ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ ਅਤੇ ਪਛੜੀਆਂ ਸ੍ਰੇਣੀਆਂ ਦੀ ਭਲਾਈ ਕਮੇਟੀ ਦੀ 37ਵੀਂ ਰਿਪੋਰਟ ਵਿੱਚ ਦਰਜ ਸਿਫਾਰਸ਼ਾਂ ਬਾਰੇ। | 27–32 |
| 45.05 | ਸਹਾਇਕ ਜਨਰਲ ਮੈਨੇਜਰ (ਐਚ.ਆਰ) ਦੀ ਅਸਾਮੀ ਨੂੰ ਕੰਟਰੈਕਟ ਬੇਸਿਜ ਤੇ ਭਰਨ ਦੀ ਬਜਾਏ ਸਹਾਇਕ ਮੈਨੇਜਰ ਦੀ ਅਸਾਮੀ ਤੋਂ ਪਦ ਉਨਤੀ ਰਾਹੀਂ ਭਰਨ ਬਾਰੇ। | 33–36 |

**<u>ਅਜੰਡਾ ਆਈਟਮ ਨੰ: 45.01</u>**

**(ਤਾਲਮੇਲ ਸ਼ਾਖਾ)**

**ਵਿਸ਼ਾ: -ਪੰਜਾਬ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ ਅਥਾਰਿਟੀ ਦੀ 44ਵੀ ਮੀਟਿੰਗ ਦੀ ਕਾਰਵਾਈ ਦੀ ਪੁਸ਼ਟੀ ਕਰਨ ਬਾਰੇ।**

ਪੰਜਾਬ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ ਅਥਾਰਿਟੀ ਦੀ ਮਿਤੀ: 17.6.2011 ਨੂੰ ਹੋਈ 44ਵੀਂ ਮੀਟਿੰਗ ਵਿੱਚ ਲਏ ਗਏ ਫੈਸਲਿਆਂ ਸਬੰਧੀ ਕਾਰਵਾਈ (ਪ੍ਰੋਸੀਡਿੰਗ) ਪੱਤਰ ਨੰ: ਪੁੱਡਾ-ਤਾਲਮੇਲ ਸਾਖਾ-ਸ-1/2011/12887-93 ਮਿਤੀ: 21.6.2011 (ਅਨੁੱਲਗ-ੳ) ਰਾਹੀਂ ਅਥਾਰਿਟੀ ਦੇ ਮੈਂਬਰ ਸਾਹਿਬਾਨਾ ਨੂੰ ਸੂਚਨਾ ਹਿੱਤ ਜਾਰੀ ਕਰ ਦਿੱਤੀ ਗਈ ਸੀ।

ਇਸ ਸਬੰਧੀ ਹੁਣ ਤੱਕ ਅਥਾਰਿਟੀ ਦੇ ਕਿਸੇ ਵੀ ਮੈਂਬਰ ਸਾਹਿਬਾਨ ਜੀ ਵਲੋਂ ਇਤਰਾਜ/ਸੋਧ ਕਰਨ ਸਬੰਧੀ ਕੋਈ ਤਜਵੀਜ/ਸੁਝਾਓ ਦਰਜ ਨਹੀਂ ਕੀਤਾ ਗਿਆ ਹੈ। ਉਕਤ ਅਨੁਸਾਰ 44 ਵੀਂ ਮੀਟਿੰਗ ਦੀ ਕਾਰਵਾਈ ਪੁਸ਼ਟੀ ਹਿੱਤ ਪੇਸ਼ ਹੈ ਜੀ।

ਪੰਜਾਬ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ ਅਥਾਰਿਟੀ
ਪੁੱਡਾ ਭਵਨ, ਸੈਕਟਰ-62, ਸਾਹਿਬਜ਼ਾਦਾ ਅਜੀਤ ਸਿੰਘ ਨਗਰ
(ਤਾਲਮੇਲ ਸ਼ਾਖਾ)

ਸੇਵਾ ਵਿਖੇ

1. ਮੁੱਖ ਮੰਤਰੀ, ਪੰਜਾਬ,
   ਕਮ-ਮੰਤਰੀ-ਇੰਚਾਰਜ,
   ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਵਿਭਾਗ,
   ਪੰਜਾਬ, ਚੰਡੀਗੜ੍ਹ।
2. ਮੁੱਖ ਸਕੱਤਰ, ਪੰਜਾਬ ਸਰਕਾਰ,
   ਪੰਜਾਬ, ਚੰਡੀਗੜ੍ਹ।
3. ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ,
   ਵਿੱਤ ਵਿਭਾਗ, ਪੰਜਾਬ, ਚੰਡੀਗੜ੍ਹ।
4. ਸਕੱਤਰ, ਪੰਜਾਬ ਸਰਕਾਰ,
   ਸਥਾਨਕ ਸਰਕਾਰ, ਪੰਜਾਬ, ਚੰਡੀਗੜ੍ਹ।
5. ਸਕੱਤਰ, ਪੰਜਾਬ ਸਰਕਾਰ,
   ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਵਿਭਾਗ,
   ਪੰਜਾਬ, ਚੰਡੀਗੜ੍ਹ।
6. ਮੁੱਖ ਪ੍ਰਸ਼ਾਸਕ,
   ਪੰਜਾਬ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ ਅਥਾਰਿਟੀ,
   ਐਸ.ਏ.ਐਸ ਨਗਰ ।
7. ਮੁੱਖ ਨਗਰ ਯੋਜਨਾਕਾਰ,
   ਪੰਜਾਬ, ਚੰਡੀਗੜ੍ਹ।

ਨੰ: ਪੁੱਡਾ-ਤਾਲਮੇਲ:-ਸ-1-2011/ 12887-93
ਮਿਤੀ: 21-6-2011

**ਵਿਸ਼ਾ:-** **ਪੰਜਾਬ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ ਅਥਾਰਿਟੀ ਦੀ 44ਵੀਂ ਮੀਟਿੰਗ ਦੀ ਕਾਰਵਾਈ ਬਾਰੇ।**

ਇਸ ਦਫਤਰ ਦੇ ਪੱਤਰ ਨੰ: ਪੁੱਡਾ-ਤਾਲਮੇਲ:-ਸ-1-2011/12684-90 ਮਿਤੀ 16.06.010 ਦੀ ਲਗਾਤਾਰਤਾ ਵਿੱਚ, ਪੰਜਾਬ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ ਅਥਾਰਿਟੀ ਦੀ 44ਵੀਂ ਮੀਟਿੰਗ ਮਿਤੀ 17.06.2011 ਨੂੰ ਸਵੇਰੇ 11.30 ਵਜੇ ਮਾਨਯੋਗ ਮੁੱਖ ਮੰਤਰੀ, ਪੰਜਾਬ ਜੀ ਦੇ ਨਿਵਾਸ ਸਥਾਨ ਕੋਠੀ ਨੰ: 45, ਸੈਕਟਰ-2, ਚੰਡੀਗੜ੍ਹ ਵਿਖੇ ਹੋਈ ਸੀ, ਦੀ **ਕਾਰਵਾਈ (ਪ੍ਰੋਸੀਡਿੰਗ) ਦੀ ਕਾਪੀ** ਆਪ ਦੀ ਸੂਚਨਾ ਹਿੱਤ ਇਸ ਪੱਤਰ ਨਾਲ ਨੱਥੀ ਕਰਕੇ ਭੇਜੀ ਜਾਂਦੀ ਹੈ ।

**ਨੱਥੀ/ਕਾਰਵਾਈ ਦੀ ਕਾਪੀ**

ਵਧੀਕ ਮੁੱਖ ਪ੍ਰਸ਼ਾਸਕ (ਮੁ:ਦ:)

## ਪੰਜਾਬ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ ਅਥਾਰਿਟੀ (ਪੁੱਡਾ) ਦੀ ਮਿਤੀ 17.06.2011 ਹੋਈ 44ਵੀਂ ਮੀਟਿੰਗ ਦੀ ਕਾਰਵਾਈ ।

ਮਿਤੀ 17.06.2011 ਨੂੰ ਮੁੱਖ ਮੰਤਰੀ ਪੰਜਾਬ-ਕਮ-ਚੇਅਰਮੈਨ, ਪੁੱਡਾ ਸ਼੍ਰੀ ਪਰਕਾਸ਼ ਸਿੰਘ ਬਾਦਲ ਜੀ ਦੀ ਪ੍ਰਧਾਨਗੀ ਹੇਠ ਅਥਾਰਿਟੀ ਦੀ 44ਵੀਂ ਮੀਟਿੰਗ ਹੋਈ, ਜਿਸ ਵਿੱਚ ਹੇਠ ਲਿਖੇ ਅਨੁਸਾਰ ਮੈਂਬਰਾਂ ਨੇ ਵੀ ਭਾਗ ਲਿਆ:-

| ਲੜੀ ਨੰ | ਅਧਿਕਾਰੀ ਦਾ ਨਾਮ ਅਤੇ ਅਹੁਦਾ | ਅਹੁਦਾ |
|---|---|---|
| 1. | ਸ਼੍ਰੀ ਐਸ. ਸੀ. ਅਗਰਵਾਲ, ਆਈ.ਏ.ਐਸ.<br>ਮੁੱਖ ਸਕੱਤਰ, ਪੰਜਾਬ । | ਵਿਸ਼ੇਸ਼ ਮਹਿਮਾਨ |
| 2. | ਸ਼੍ਰੀ ਕੇ.ਬੀ.ਐਸ. ਸਿੱਧੂ, ਆਈ.ਏ.ਐਸ.<br>ਪ੍ਰਮੁੱਖ ਸਕੱਤਰ (ਵਿੱਤ), ਪੰਜਾਬ | ਮੈਂਬਰ |
| 3. | ਡਾ. ਐਸ.ਐਸ. ਸੰਧੂ, ਆਈ.ਏ.ਐਸ.<br>ਸਕੱਤਰ, ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਵਿਭਾਗ, ਪੰਜਾਬ-ਕਮ- ਵਾਈਸ ਚੇਅਰਮੈਨ, ਪੁੱਡਾ। | ਮੈਂਬਰ |
| 4. | ਸ਼੍ਰੀ ਐਸ.ਐਸ. ਰਾਜਪੂਤ, ਆਈ.ਏ.ਐਸ.<br>ਸਕੱਤਰ, ਸਥਾਨਕ ਸਰਕਾਰ, ਪੰਜਾਬ,<br>ਚੰਡੀਗੜ੍ਹ । | ਮੈਂਬਰ |
| 5. | ਸ਼੍ਰੀ ਅਰੁਨਜੀਤ ਸਿੰਘ ਮਿਗਲਾਨੀ, ਆਈ.ਏ.ਐਸ.<br>ਮੁੱਖ ਪ੍ਰਸ਼ਾਸਕ, ਪੁੱਡਾ, ਐਸ.ਏ.ਐਸ. ਨਗਰ । | ਮੈਂਬਰ |
| 6. | ਸ਼੍ਰੀ ਕੁਲਦੀਪ ਸਿੰਘ,<br>ਮੁੱਖ ਨਗਰ ਯੋਜਨਾਕਾਰ, ਪੰਜਾਬ,<br>ਚੰਡੀਗੜ੍ਹ । | ਮੈਂਬਰ |

Ray

ਮੀਟਿੰਗ ਵਿੱਚ ਹੇਠ ਦਰਸਾਏ ਗਏ ਲੜੀਵਾਰ ਅਜੰਡਾ ਆਈਟਮਾਂ ਅਨੁਸਾਰ ਵਿਚਾਰ ਕੀਤਾ ਗਿਆ ਅਤੇ ਹੇਠ ਲਿਖੇ ਅਨੁਸਾਰ ਫੈਸਲਾ ਕੀਤਾ ਗਿਆ :-

**ਅਜੰਡਾ ਆਈਟਮ ਨੰ: 44.01**

ਵਿਸ਼ਾ: ਪੰਜਾਬ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ ਅਥਾਰਿਟੀ ਦੀ 43ਵੀਂ ਮੀਟਿੰਗ ਦੀ ਕਾਰਵਾਈ ਦੀ ਪੁਸ਼ਟੀ ਕਰਨ ਬਾਰੇ।

ਅਥਾਰਿਟੀ ਵਲੋਂ ਕਾਰਵਾਈ ਦੀ ਪੁਸ਼ਟੀ ਕੀਤੀ ਗਈ।

**ਅਜੰਡਾ ਆਈਟਮ ਨੰ: 44.02**

ਵਿਸ਼ਾ: ਪੰਜਾਬ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ ਅਥਾਰਿਟੀ ਦੀ ਮਿਤੀ 03.01.2011 ਨੂੰ ਹੋਈ 43ਵੀਂ ਮੀਟਿੰਗ ਵਿਚ ਲਏ ਗਏ ਫੈਸਲਿਆਂ ਅਨੁਸਾਰ ਕੀਤੀ ਗਈ ਕਾਰਵਾਈ ਦਾ ਮੱਦਵਾਰ ਵਿਵਰਣ।

ਅਥਾਰਿਟੀ ਵਲੋਂ ਨੋਟ ਕੀਤਾ ਗਿਆ ਅਤੇ ਤਸੱਲੀ ਪ੍ਰਗਟਾਈ ਗਈ।

**ਅਜੰਡਾ ਆਈਟਮ ਨੰ: 44.03**

ਵਿਸਾ:- ਮੁੱਖ ਮੰਤਰੀ ਰਾਹਤ ਕੋਸ਼ ਵਿੱਚ 50.00 ਲੱਖ ਰੁਪਏ ਦੀ ਰਾਸ਼ੀ ਦੀ ਅਦਾਇਗੀ ਦੀ ਕਾਰਜਬਾਅਦ ਪ੍ਰਵਾਨਗੀ ਸਬੰਧੀ।

ਮੱਦ ਵਿੱਚ ਦਿੱਤੇ ਗਏ ਪ੍ਰਸਤਾਵ ਨੂੰ ਅਥਾਰਿਟੀ ਵਲੋਂ ਕਾਰਜ ਬਾਅਦ ਪ੍ਰਵਾਨਗੀ ਦਿੱਤੀ ਗਈ।

**ਅਜੰਡਾ ਆਈਟਮ ਨੰ: 44.04**

ਵਿਸ਼ਾ: ਓ.ਯੂ.ਵੀ.ਜੀ.ਐਲ. ਸਕੀਮ ਦੇ ਫੰਡਜ਼ ਵਿੱਚੋਂ 50.00 ਕਰੋੜ ਰੁਪਏ ਸਰਕਾਰੀ ਖਜਾਨੇ ਵਿੱਚ ਜਮ੍ਹਾਂ ਕਰਵਾਉਣ ਉਪਰੰਤ ਕਾਰਜਬਾਅਦ ਪ੍ਰਵਾਨਗੀ ਲੈਣ ਸਬੰਧੀ।

ਮੱਦ ਵਿੱਚ ਦਿੱਤੇ ਗਏ ਪ੍ਰਸਤਾਵ ਨੂੰ ਅਥਾਰਿਟੀ ਵਲੋਂ ਕਾਰਜ ਬਾਅਦ ਪ੍ਰਵਾਨਗੀ ਦਿੱਤੀ ਗਈ।

**ਅਜੰਡਾ ਆਇਟਮ: 44.05**

ਵਿਸਾ: ਪੁੱਡਾ ਦੇ ਰਹਿੰਦੇ ਕਰਮਚਾਰੀਆਂ ਨੂੰ ਰਿਹਾਇਸੀ ਪਲਾਟ ਅਲਾਟ ਕਰਨ ਲਈ ਉਲੀਕੀ ਗਈ ਸਕੀਮ ਦੇ ਬੰਦ ਹੋਣ ਉਪਰੰਤ ਪਿਛਲੀ ਮਿਤੀ ਤੋਂ ਰੈਗੂਲਰ ਕੀਤੇ ਗਏ ਵਰਕ ਚਾਰਜ ਕਰਮਚਾਰੀਆਂ ਤੋਂ ਅਰਜੀਆਂ ਮੰਗਣ ਬਾਰੇ।

ਮੱਦ ਵਿੱਚ ਦਿੱਤੇ ਗਏ ਪ੍ਰਸਤਾਵ ਨੂੰ ਅਥਾਰਿਟੀ ਵਲੋਂ ਪ੍ਰਵਾਨਗੀ ਦਿੱਤੀ ਗਈ।

**<u>ਅਜੰਡਾ ਆਈਟਮ ਨੰਬਰ: 44.06</u>**

ਵਿਸ਼ਾ: ਸਾਲ 2011-12 ਦੇ ਬਜਟ ਅਨੁਮਾਨ ਅਤੇ ਸਾਲ 2010-11 ਦਾ ਸੋਧਿਆ ਹੋਇਆ ਬਜਟ ਅਨੁਮਾਨ ਸਬੰਧੀ।

ਅਥਾਰਿਟੀ ਵੱਲੋਂ ਸਾਲ 2011-12 ਦੇ ਬੱਜਟ ਅਨੁਮਾਨ ਅਤੇ ਸਾਲ 2010-11 ਦਾ ਸੋਧਿਆ ਬਜਟ ਅਨੁਮਾਨ ਵਿੱਤ ਤੇ ਲੇਖਾ ਕਮੇਟੀ ਦੀ ਸਿਫਾਰਸ਼ਾਂ ਅਨੁਸਾਰ ਪ੍ਰਵਾਨਗੀ ਦਿੱਤੀ ਗਈ।

ਅਥਾਰਿਟੀ ਵੱਲੋਂ ਮੁੱਖ ਪ੍ਰਸ਼ਾਸਕ ਪੁੱਡਾ ਨੂੰ ਬਜਟ ਅਨੁਮਾਨ ਦੇ ਇਕ ਹੈੱਡ ਤੋਂ ਦੂਜੇ ਹੈੱਡ ਵਿੱਚ ਪੁਨਰ ਨਮਿਤਣ ਲਈ ਅਧਿਕਾਰ ਵੀ ਸੌਂਪੇ ਗਏ।

ਇਸ ਤੋਂ ਇਲਾਵਾ ਪ੍ਰਮੁੱਖ ਸਕੱਤਰ (ਵਿੱਤ) ਪੰਜਾਬ ਸਰਕਾਰ ਨੇ ਕਿਹਾ ਕਿ ਇਨਕੰਮਟੈਕਸ ਸਬੰਧੀ ਜੋ ਕੇਸ ਚਲ ਰਿਹਾ ਹੈ ਉਸ ਕੇਸ ਦੀ ਠੀਕ ਢੰਗ ਨਾਲ ਪੈਰਵੀ ਕੀਤੀ ਜਾਵੇ। ਇਸ ਸਬੰਧੀ ਮੁੱਖ ਪ੍ਰਸ਼ਾਸਕ, ਪੁੱਡਾ ਵੱਲੋਂ ਦੱਸਿਆ ਗਿਆ ਕਿ ਇਸ ਕੇਸ ਵਿੱਚ ਅਪੀਲ ਦਾਇਰ ਕੀਤੀ ਜਾ ਚੁੱਕੀ ਹੈ ਅਤੇ ਇਸ ਦੀ ਗੰਭੀਰਤਾ ਨਾਲ ਪੈਰਵੀ ਕੀਤੀ ਜਾ ਰਹੀ ਹੈ।

ਪ੍ਰਮੁੱਖ ਸਕੱਤਰ (ਵਿੱਤ), ਪੰਜਾਬ ਸਰਕਾਰ ਵੱਲੋਂ ਇਹ ਵੀ ਕਿਹਾ ਗਿਆ ਕਿ ਪਿਮਜ਼ ਸੋਸਾਇਟੀ ਦੀ ਰਕਮ ਨੂੰ ਛੇਤੀ ਰਲੀਜ ਕੀਤਾ ਜਾਵੇ । ਇਸ ਸਬੰਧੀ ਮੁੱਖ ਪ੍ਰਸ਼ਾਸਕ, ਪੁੱਡਾ ਨੇ ਵਿਸ਼ਵਾਸ ਦਿਲਵਾਇਆ ਕਿ ਜਦੋਂ ਵੀ ਮਹਿਕਮੇ ਵੱਲੋਂ ਡਿਮਾਂਡ ਆਵੇਗੀ ਇਹ ਰਕਮ ਰਲੀਜ ਕਰ ਦਿੱਤੀ ਜਾਵੇਗੀ।

***<u>ਸਪਲੀਮੈਂਟਰੀ ਅਜੰਡਾ ਨੰ: 1</u>***

**<u>ਅਜੰਡਾ ਆਈਟਮ ਨੰ: 44.07</u>**

**ਵਿਸ਼ਾ :** ਨਾਨ ਐਸ.ਏ.ਐਸ / ਵਿਭਾਗੀ ਪ੍ਰੀਖਿਆ ਨਾ ਪਾਸ ਕਰਨ ਵਾਲੇ ਸੀਨੀਅਰ ਸਹਾਇਕ (ਲੇਖਾ) ਨੂੰ ਬਤੌਰ ਭਾਗ ਅਫਸਰ ਤਦ ਅਰਥ ਅਧਾਰ ਤੇ ਪਦ ਉਨਤ ਕਰਨ ਲਈ।

ਮੱਦ ਵਿੱਚ ਦਿੱਤੇ ਗਏ ਪ੍ਰਸਤਾਵ ਨੂੰ ਅਥਾਰਿਟੀ ਵਲੋਂ ਪ੍ਰਵਾਨਗੀ ਦਿੱਤੀ ਗਈ।

*ਮੀਟਿੰਗ ਧੰਨਵਾਦ ਸਹਿਤ ਖਤਮ ਕੀਤੀ ਗਈ ।*

ਪਰਕਾਸ਼ ਸਿੰਘ ਬਾਦਲ
ਮੁੱਖ ਮੰਤਰੀ, ਪੰਜਾਬ-ਕਮ-
ਚੇਅਰਮੈਨ, ਪੁੱਡਾ।

-3-

# ਪੰਜਾਬ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ ਅਥਾਰਿਟੀ

ਪੈਰਵੀ ਕੀਤੀ ਜਾਵੇ। ਇਸ ਸਬੰਧੀ ਮੁੱਖ ਪ੍ਰਸ਼ਾਸਕ, ਪੁੱਡਾ ਵੱਲੋਂ ਦੱਸਿਆ ਗਿਆ ਕਿ ਇਸ ਕੇਸ ਵਿੱਚ ਅਪੀਲ ਦਾਇਰ ਕੀਤੀ ਜਾ ਚੁੱਕੀ ਹੈ ਅਤੇ ਇਸ ਦੀ ਗੰਭੀਰਤਾ ਨਾਲ ਪੈਰਵੀ ਕੀਤੀ ਜਾ ਰਹੀ ਹੈ।

ਪ੍ਰਮੁੱਖ ਸਕੱਤਰ, (ਵਿੱਤ) ਪੰਜਾਬ ਸਰਕਾਰ ਵੱਲੋਂ ਇਹ ਵੀ ਕਿਹਾ ਗਿਆ ਕਿ ਪਿਮਜ਼ ਸੋਸਾਇਟੀ ਦੀ ਰਕਮ ਨੂੰ ਛੇਤੀ ਰਲੀਜ ਕੀਤਾ ਜਾਵੇ । ਇਸ ਸਬੰਧੀ ਮੁੱਖ ਪ੍ਰਸ਼ਾਸਕ, ਪੁੱਡਾ ਨੇ ਵਿਸ਼ਵਾਸ ਦਿਲਵਾਇਆ ਕਿ ਜਦੋਂ ਵੀ ਮਹਿਕਮੇ ਵੱਲੋਂ ਡਿਮਾਂਡ ਆਵੇਗੀ ਇਹ ਰਕਮ ਰਲੀਜ ਕਰ ਦਿੱਤੀ ਜਾਵੇਗੀ।

***<u>ਸਪਲੀਮੈਂਟਰੀ ਅਜੰਡਾ ਨੰ: 1</u>***

**<u>ਅਜੰਡਾ ਆਈਟਮ ਨੰ: 44.07</u>**

ਵਿਸ਼ਾ : ਨਾਨ ਐਸ.ਏ.ਐਸ / ਵਿਭਾਗੀ ਪ੍ਰੀਖਿਆ ਨਾ ਪਾਸ ਕਰਨ ਵਾਲੇ ਸੀਨੀਅਰ ਸਹਾਇਕ (ਲੇਖਾ) ਨੂੰ ਬਤੌਰ ਭਾਗ ਅਫਸਰ ਤਦ ਅਰਥ ਅਧਾਰ ਤੇ ਪਦ ਉਨਤ ਕਰਨ ਲਈ।

ਮੱਦ ਵਿੱਚ ਦਿੱਤੇ ਗਏ ਪ੍ਰਸਤਾਵ ਨੂੰ ਅਥਾਰਿਟੀ ਵਲੋਂ ਪ੍ਰਵਾਨਗੀ ਦਿੱਤੀ ਗਈ।

***ਮੀਟਿੰਗ ਧੰਨਵਾਦ ਸਹਿਤ ਖਤਮ ਕੀਤੀ ਗਈ ।***

ਉਪਰੋਕਤ ਮੀਟਿੰਗ ਦਾ ਕਾਰਵਾਈ ਮਾਨਯੋਗ ਮੁੱਖ ਮੰਤਰੀ, ਪੰਜਾਬ ਜੀ ਦੀ ਪ੍ਰਵਾਨਗੀ ਅਤੇ ਸਹੀ ਹਿਤ ਪੇਸ਼ ਹੈ ਜੀ।

ਗਗਨ ਸੋਢੀ
17.6.11

ਵਧੀਕ ਮੁੱਖ ਪ੍ਰਸ਼ਾਸ਼ਕ (ਵਿੱਤ ਤੇ ਲੇਖਾ)
17.06.2011

ਪੱਧਰ
ਮੁੱਖ ਮੰਤਰੀ ਜੀ

ਮੁੱਖ ਪ੍ਰਸ਼ਾਸਕ

ਮੀਟਿੰਗ ਦੀ ਕਾਰਵਾਈ ਪ੍ਰਵਾਨਗੀ ਹਿਤ।

17/6/11

17/6.

17.6.11

ਮੁੱਖ ਪ੍ਰਸ਼ਾਸਕ (ਸ੍ਰੀ ਕ੍ਰਮ) ਪੁੱਡਾ, ਚੰਡੀਗੜ੍ਹ। ਡਾਇਰੀ ਨੰ. 2172 ਮਿਤੀ 20-6-11

ਮੁੱਖ ਪ੍ਰਸ਼ਾਸਕ, ਪੁੱਡਾ, ਐਸ.ਏ.ਐਸ. ਨਗਰ ਡਾਇਰੀ ਨੰ: 935 ਮਿਤੀ 17-6-11

ਦਫ਼ਤਰ ਮੁੱਖ ਮੰਤਰੀ, ਗੁਪਤ ਸ਼ਾਖਾ ਡਾ.ਨੰ. 2331 ਪ੍ਰਾਪਤੀ ਦੀ ਮਿਤੀ 17/6/11 ਵਾਪਸੀ ਦੀ ਮਿਤੀ 17/6/11 ਪੰਜਾਬ

O/o Secretary Housing & Urban Dev. Deptt. Pb. Chd.
Diary No. 964
Dated 17/6

V.C.
ਹੇਮ ਨੌਂ

V.C. (busy)
PS
17/6/11

CA (In training)
2016

ED (Construction)

ਤ.ਅ. ਪ. (ਸੰ.ਵਿ.)

20.6

2016

**ਅਜੰਡਾ ਆਈਟਮ ਨੰ. 45.02**

**ਪੰਜਾਬ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ ਅਥਾਰਿਟੀ (ਪੁੱਡਾ) ਦੀ ਮਿਤੀ 17.06.2011 ਹੋਈ 44ਵੀ ਮੀਟਿੰਗ ਵਿੱਚ ਲਏ ਗਏ ਫੈਸਲਿਆਂ ਅਨੁਸਾਰ ਕੀਤੀ ਗਈ ਕਾਰਵਾਈ ਸਬੰਧੀ ਮੱਦਵਵਾਰ ਵਿਵਰਣ**

| **ਅਜੰਡਾ ਆਈਟਮ ਨੰ.** | **ਵਿਸ਼ਾ** | **ਫੈਸਲਾ** | **ਕੀਤੀ ਕਾਰਵਾਈ** |
|---|---|---|---|
| 44.01 | ਪੰਜਾਬ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ ਅਥਾਰਿਟੀ ਦੀ 44ਵੀ ਮੀਟਿੰਗ ਦੀ ਕਾਰਵਾਈ ਦੀ ਪੁਸ਼ਟੀ ਕਰਨ ਬਾਰੇ। | ਅਥਾਰਿਟੀ ਵਲੋਂ ਕਾਰਵਾਈ ਦੀ ਪੁਸ਼ਟੀ ਕੀਤੀ ਗਈ। | ਨੋਟ ਕੀਤਾ ਗਿਆ। |
| 44.02 | ਪੰਜਾਬ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ ਅਥਾਰਿਟੀ ਦੀ ਮਿਤੀ 03.01.2011 ਨੂੰ ਹੋਈ 43ਵੀਂ ਮੀਟਿੰਗ ਵਿਚ ਲਏ ਗਏ ਫੈਸਲਿਆਂ ਅਨੁਸਾਰ ਕੀਤੀ ਗਈ ਕਾਰਵਾਈ ਦਾ ਮੱਦਵਾਰ ਵਿਵਰਣ। | ਅਥਾਰਿਟੀ ਵਲੋਂ ਨੋਟ ਕੀਤਾ ਗਿਆ ਅਤੇ ਤਸੱਲੀ ਪ੍ਰਗਟਾਈ ਗਈ। | ਨੋਟ ਕੀਤਾ ਗਿਆ। |
| 44.03 | ਮੁੱਖ ਮੰਤਰੀ ਰਾਹਤ ਕੋਸ਼ ਵਿੱਚ 50.00 ਲੱਖ ਰੁਪਏ ਦੀ ਰਾਸ਼ੀ ਦੀ ਅਦਾਇਗੀ ਦੀ ਕਾਰਜਬਾਅਦ ਪ੍ਰਵਾਨਗੀ ਸਬੰਧੀ। | ਮੱਦ ਵਿੱਚ ਦਿੱਤੇ ਗਏ ਪ੍ਰਸਤਾਵ ਨੂੰ ਅਥਾਰਿਟੀ ਵਲੋਂ ਕਾਰਜ ਬਾਅਦ ਪ੍ਰਵਾਨਗੀ ਦਿੱਤੀ ਗਈ। | ਨੋਟ ਕੀਤਾ ਗਿਆ। |
| 44.04 | ਓ.ਯੂ.ਵੀ.ਜੀ.ਐਲ. ਸਕੀਮ ਦੇ ਫੰਡਜ਼ ਵਿੱਚੋਂ 50.00 ਕਰੋੜ ਰੁਪਏ ਸਰਕਾਰੀ ਖਜਾਨੇ ਵਿੱਚ ਜਮ੍ਹਾਂ ਕਰਵਾਉਣ ਉਪਰੰਤ ਕਾਰਜ ਬਾਅਦ ਪ੍ਰਵਾਨਗੀ ਲੈਣ ਸਬੰਧੀ। | ਮੱਦ ਵਿੱਚ ਦਿੱਤੇ ਗਏ ਪ੍ਰਸਤਾਵ ਨੂੰ ਅਥਾਰਿਟੀ ਵਲੋਂ ਕਾਰਜ ਬਾਅਦ ਪ੍ਰਵਾਨਗੀ ਦਿੱਤੀ ਗਈ। | ਨੋਟ ਕੀਤਾ ਗਿਆ। |
| 44.05 | ਪੁੱਡਾ ਦੇ ਰਹਿੰਦੇ ਕਰਮਚਾਰੀਆਂ ਨੂੰ ਰਿਹਾਇਸੀ ਪਲਾਟ ਅਲਾਟ ਕਰਨ ਲਈ ਉਲੀਕੀ ਗਈ ਸਕੀਮ ਦੇ ਬੰਦ ਹੋਣ ਉਪਰੰਤ ਪਿਛਲੀ ਮਿਤੀ | ਮੱਦ ਵਿੱਚ ਦਿੱਤੇ ਗਏ ਪ੍ਰਸਤਾਵ ਨੂੰ ਅਥਾਰਿਟੀ ਵਲੋਂ ਪ੍ਰਵਾਨਗੀ ਦਿੱਤੀ ਗਈ। | ਅਥਾਰਟੀ ਵਲੋ ਦਿੱਤੀ ਗਈ ਪ੍ਰਵਾਨਗੀ ਦੇ ਸਨਮੁੱਖ ਇਸ ਕੈਟਾਗਰੀ ਦੇ ਕਰਮਚਾਰੀਆਂ ਤੋਂ ਪਤੱਰ ਨੰ. 18100-39 ਮਿਤੀ 8.7.2011 ਰਾਹੀਂ ਪਤੱਰ ਜਾਰੀ |

| | | | |
|---|---|---|---|
| | ਤੋਂ ਰੈਗੂਲਰ ਕੀਤੇ ਗਏ ਵਰਕ ਚਾਰਜ ਕਰਮਚਾਰੀਆਂ ਤੋਂ ਅਰਜੀਆਂ ਮੰਗਣ ਬਾਰੇ। | | ਹੋਣ ਦੀ ਮਿਤੀ ਤੋਂ 3● ਦਿਨਾਂ ਦੇ ਅੰਦਰ-2 ਅਰਜੀਆਂ ਮੰਗੀਆਂ ਗਈਆਂ ਹਨ। |
| 44.●6 | ਸਾਲ 2●11-12 ਦੇ ਬਜਟ ਅਨੁਮਾਨ ਅਤੇ ਸਾਲ 2●1●-11 ਦਾ ਸੋਧਿਆ ਹੋਇਆ ਬਜਟ ਅਨੁਮਾਨ ਸਬੰਧੀ। | ਅਥਾਰਿਟੀ ਵੱਲੋਂ ਸਾਲ 2●11-12 ਦੇ ਬੱਜਟ ਅਨੁਮਾਨ ਅਤੇ ਸਾਲ 2●1●-11 ਦਾ ਸੋਧਿਆ ਬਜਟ ਅਨੁਮਾਨ ਵਿੱਤ ਤੇ ਲੇਖਾ ਕਮੇਟੀ ਦੀ ਸਿਫਾਰਸ਼ਾਂ ਅਨੁਸਾਰ ਪ੍ਰਵਾਨਗੀ ਦਿੱਤੀ ਗਈ।<br><br>ਅਥਾਰਿਟੀ ਵੱਲੋਂ ਮੁੱਖ ਪ੍ਰਸ਼ਾਸਕ ਪੁੱਡਾ ਨੂੰ ਬਜਟ ਅਨੁਮਾਨ ਦੇ ਇਕ ਹੈੱਡ ਤੋਂ ਦੂਜੇ ਹੈੱਡ ਵਿੱਚ ਪੁਨਰ ਨਮਿਤਣ ਲਈ ਅਧਿਕਾਰ ਵੀ ਸੌਂਪੇ ਗਏ।<br><br>ਇਸ ਤੋਂ ਇਲਾਵਾ ਪ੍ਰਮੁੱਖ ਸਕੱਤਰ (ਵਿੱਤ) ਪੰਜਾਬ ਸਰਕਾਰ ਨੇ ਕਿਹਾ ਕਿ ਇਨਕੰਮਟੈਕਸ ਸਬੰਧੀ ਜੋ ਕੇਸ ਚਲ ਰਿਹਾ ਹੈ ਉਸ ਕੇਸ ਦੀ ਠੀਕ ਢੰਗ ਨਾਲ ਪੈ ਰਵੀ ਕੀਤੀ ਜਾਵੇ। ਇਸ ਸਬੰਧੀ ਮੁੱਖ ਪ੍ਰਸ਼ਾਸਕ, ਪੁੱਡਾ ਵੱਲੋਂ ਦੱਸਿਆ ਗਿਆ ਕਿ ਇਸ ਕੇਸ ਵਿੱਚ ਅਪੀਲ ਦਾਇਰ ਕੀਤੀ ਜਾ ਚੁੱਕੀ ਹੈ ਅਤੇ ਇਸ ਦੀ ਗੰਭੀਰਤਾ ਨਾਲ ਪੈਰਵੀ ਕੀਤੀ ਜਾ ਰਹੀ ਹੈ।<br><br>ਪ੍ਰਮੁੱਖ ਸਕੱਤਰ (ਵਿੱਤ), ਪੰਜਾਬ ਸਰਕਾਰ ਵੱਲੋਂ ਇਹ ਵੀ ਕਿਹਾ ਗਿਆ ਕਿ ਪਿਮਜ਼ ਸੋਸਾਇਟੀ ਦੀ ਰਕਮ ਨੂੰ ਛੇਤੀ ਰਲੀਜ ਕੀਤਾ ਜਾਵੇ । ਇਸ ਸਬੰਧੀ ਮੁੱਖ ਪ੍ਰਸ਼ਾਸਕ, ਪੁੱਡਾ ਨੇ ਵਿਸ਼ਵਾਸ ਦਿਲਵਾਇਆ ਕਿ ਜਦੋਂ ਵੀ ਮਹਿਕਮੇ ਵੱਲੋਂ ਡਿਮਾਂਡ ਆਵੇਗੀ ਇਹ ਰਕਮ ਰਲੀਜ ਕਰ ਦਿੱਤੀ ਜਾਵੇਗੀ। | ਇਹ ਮੱਦ ਪ੍ਰਵਾਨਗੀ ਹਿੱਤ ਸੀ। ਅਥਾਰਟੀ ਵਲੋ ਦਿੱਤੀ ਪ੍ਰਵਾਨਗੀ ਨੋਟ ਕਰ ਲਈ ਹੈ। |
| 44.●7 | ਨਾਨ ਐਸ.ਏ.ਐਸ / ਵਿਭਾਗੀ ਪ੍ਰੀਖਿਆ ਨਾ ਪਾਸ ਕਰਨ ਵਾਲੇ ਸੀਨੀਅਰ ਸਹਾਇਕ (ਲੇਖਾ) ਨੂੰ ਬਤੌਰ ਭਾਗ ਅਫਸਰ ਤਦ ਅਰਥ ਅਧਾਰ ਤੇ ਪਦ ਉਨਤ ਕਰਨ ਲਈ। | ਮੱਦ ਵਿੱਚ ਦਿੱਤੇ ਗਏ ਪ੍ਰਸਤਾਵ ਨੂੰ ਅਥਾਰਿਟੀ ਵਲੋਂ ਪ੍ਰਵਾਨਗੀ ਦਿੱਤੀ ਗਈ। | ਨੋਟ ਕੀਤਾ ਗਿਆ। |

**<u>ਅਜੰਡਾ ਆਈਟਮ ਨੰ: 45.●3</u>**

ਅਥਾਰਟੀ ਮੀਟਿੰਗ (ਪਾਲਿਸੀ ਸਾਖਾ)

**ਵਿਸ਼ਾ:- ਪੁੱਡਾ ਵਿੱਚ ਦੂਜੇ ਮਹਿਕਮਿਆਂ ਤੋਂ ਪੱਕੇ ਤੌਰ ਤੇ ਮਰਜ ਹੋਏ ਕਰਮਚਾਰੀਆਂ ਨੂੰ ਪੁੱਡਾ ਕਰਮਚਾਰੀਆਂ ਲਈ ਪਲਾਟਾਂ ਦੀ ਉਲੀਕੀ ਗਈ ਸਕੀਮ ਵਿੱਚ 5 ਸਾਲ ਦੀ ਸੇਵਾ ਤੋਂ ਛੋਟ ਦੇਣ ਸਬੰਧੀ ।**

1 ਪੁੱਡਾ ਅਥਾਰਟੀ ਦੀ ਮਿਤੀ 1-9-2●1● ਨੂੰ ਹੋਈ 42ਵੀਂ ਮੀਟਿੰਗ ਦੀ ਮੱਦ ਨੰ: 42.14 ਰਾਹੀਂ ਪੁੱਡਾ ਅਤੇ ਡਾਇਰੈਕਟੋਰੇਟ ਦੇ ਰਹਿੰਦੇ ਅਧਿਕਾਰੀਆਂ/ਕਰਮਚਾਰੀਆਂ ਨੂੰ ਸ਼ਹਿਰੀ ਮਿਲਖ ਮੋਹਾਲੀ, ਪਟਿਆਲਾ, ਲੁਧਿਆਣਾ ਅਤੇ ਬਠਿੰਡਾ ਵਿਖੇ ਪਲਾਟਾਂ ਦੀ ਅਲਾਟਮੈਂਟ ਕਰਨ ਸਬੰਧੀ ਡਰਾਫਟ ਸਕੀਮ ਪ੍ਰਵਾਨ ਕੀਤੀ ਗਈ ਸੀ। ਇਹ ਸਕੀਮ ਦਫਤਰ ਦੇ ਪੱਤਰ ਨੰ: 23381-415 ਮਿਤੀ 29.9.2●1● ਰਾਹੀਂ ਸਰਕੂਲੇਟ ਕੀਤੀ ਗਈ ਅਤੇ ਮਿਤੀ 3●.11.1● ਤੱਕ ਕਰਮਚਾਰੀਆਂ/ ਅਧਿਕਾਰੀਆਂ ਤੋਂ ਅਰਜੀਆਂ ਮੰਗੀਆਂ ਗਈਆਂ (ਕਾਪੀ ਅਨੁੱਲਗ-I)। ਇਸ ਸਕੀਮ ਦੀ ਸ਼ਰਤ ਨੰ: 3 ਅਨੁਸਾਰ ਜਿਹੜੇ ਅਧਿਕਾਰੀ/ਕਰਮਚਾਰੀ ਦੀ ਮਿਤੀ 31.8.2●1● ਤੱਕ ਪੰਜ ਸਾਲ ਦੀ ਰੈਗੂਲਰ ਸੇਵਾ ਹੋਵੇ, ਉਹ ਅਧਿਕਾਰੀ/ਕਰਮਚਾਰੀ ਹੀ ਅਰਜੀ ਦੇਣ ਲਈ ਯੋਗ ਸਨ।

2 ਉਕਤ ਉਲੀਕੀ ਗਈ ਸਕੀਮ ਵਿੱਚ ਹੇਠ ਲਿਖੇ ਕਰਮਚਾਰੀ ਜਿਹੜੇ ਕਿ ਪੰਜਾਬ ਦੇ ਬੰਦ/ਘਾਟੇ ਵਿੱਚ ਚਲ ਰਹੇ ਵੱਖ ਵੱਖ ਅਦਾਰਿਆਂ ਤੋਂ ਪੁੱਡਾ ਵਿੱਚ ਪ੍ਰਤੀ ਨਿਯੁਕਤੀ ਤੇ ਤੈਨਾਤ ਕੀਤੇ ਗਏ ਸਨ, ਵਲੋਂ ਵੀ ਇਸ ਸਕੀਮ ਅਧੀਨ ਮੁਹਾਲੀ ਵਿਖੇ ਪਲਾਟ ਅਲਾਟ ਕਰਨ ਲਈ ਸਮੇਤ ਬਿਆਨਾ ਰਕਮ ਅਰਜੀਆਂ ਦਿੱਤੀਆਂ ਗਈਆਂ ਹਨ :-

i) ਸ੍ਰੀਮਤੀ ਸਸੀ ਕਿਰਨ, ਕਲਰਕ
ii) ਸ੍ਰੀਮਤੀ ਸੁਨੀਤਾ ਰਾਣੀ, ਕਲਰਕ
iii) ਸ੍ਰੀਮਤੀ ਕਮਲ ਨਾਗਪਾਲ, ਕਲਰਕ
iv) ਸ੍ਰੀ ਸਰਵਣ ਸਿੰਘ, ਕਲਰਕ
v) ਸ੍ਰੀ ਰਾਜਿੰਦਰ ਕੁਮਾਰ ਬਾਲੀ, ਕਲਰਕ
vi) ਸ੍ਰੀ ਰਣਜੀਤ ਸਿੰਘ, ਕਲਰਕ
vii) ਸ੍ਰੀਮਤੀ ਸੀਮਾ ਸਰਮਾ, ਕਲਰਕ
viii) ਸ੍ਰੀ ਸਿਵ ਕੁਮਾਰ, ਕਲਰਕ
ix) ਸ਼੍ਰੀ ਕੁਲਵਿੰਦਰ ਸਿੰਘ, ਸੇਵਾਦਾਰ
x) ਸ੍ਰੀ ਆਨੰਦਪਾਲ ਤਿਵਾੜੀ, ਕਲਰਕ

ਉਪਰੋਕਤ ਦਰਸਾਏ ਗਏ ਕਰਮਚਾਰੀਆਂ ਵਿਚੋਂ ਲੜੀ ਨੰਬਰ (ਘ) ਤੇ ਦਰਜ ਸ਼੍ਰੀ ਆਨੰਦਪਾਲ ਤਿਵਾੜੀ, ਕਲਰਕ ਜੋ ਕਿ ਬਠਿੰਡਾ ਵਿਖੇ ਤੈਨਾਤ ਹੈ, ਦੀ ਅਰਜੀ ਨਿਰਧਾਰਤ ਕੀਤੀ ਗਈ ਮਿਤੀ ਤੋਂ 6 ਦਿਨ ਬਾਅਦ ਪ੍ਰਾਪਤ ਹੋਈ। ਇਸ ਕਰਮਚਾਰੀ ਵਲੋਂ ਆਪਣੀ ਪ੍ਰਤੀ ਬੇਨਤੀ ਮਿਤੀ ●6-●1-2●11(ਅਨੁਲੱਗ-II) ਰਾਹੀਂ, ਅਰਜੀ ਦੇਰੀ ਨਾਲ ਪੇਸ਼ ਕਰਨ ਦਾ ਕਾਰਨ ਘਰੇਲੂ ਪ੍ਰੇਸ਼ਾਨੀਆਂ ਦੱਸਿਆ ਹੈ । ਉਕਤ ਦਰਸਾਏ ਗਏ ਕਰਮਚਾਰੀ ਪੁੱਡਾ ਵਿੱਚ ਸਾਲ 2●●1 ਵਿੱਚ ਪ੍ਰਤੀ-ਨਿਯੁਕਤੀ ਤੇ ਤੈਨਾਤ ਕੀਤੇ ਗਏ ਸਨ । ਇਹਨਾਂ ਕਰਮਚਾਰੀਆਂ ਨੂੰ ਅਥਾਰਿਟੀ ਦੀ 23ਵੀਂ ਮੀਟਿੰਗ ਦੀ ਮੱਦ ਨੰਬਰ 23.17 ਰਾਹੀਂ ਪੁੱਡਾ ਵਿੱਚ ਤੱਤਕਾਲ ਤੋਂ ਖਪਤ ਕਰਨ ਦਾ ਫੈਸਲਾ ਲਿਆ ਗਿਆ ਸੀ । ਪੁੱਡਾ ਦੀ 23ਵੀਂ ਮੀਟਿੰਗ ਮਿਤੀ ●5-11-2●●3 ਨੂੰ ਹੋਈ ਸੀ ਪਰ ਇਹਨਾਂ ਕਰਮਚਾਰੀਆਂ ਨੂੰ

ਖਪਤ ਕਰਨ ਸਬੰਧੀ ਹੁਕਮ ਮਿਤੀ ●4-11-2●1● ਨੂੰ ਪਿੱਠ ਅਕੰਣ ਨੰ: ਪੁੱਡਾ-ਪ੍ਰਸ਼ਾਸਨ-ਅਸ2/2●1●/ 26626-42 ਮਿਤੀ ●9-11-2●1● ਰਾਹੀਂ ਜਾਰੀ ਕੀਤੇ ਗਏ ਹਨ (ਅਨੁਲੱਗ-III) ।

3.● ਉਕਤ ਕਰਮਚਾਰੀਆਂ ਵਲੋਂ ਪ੍ਰਤੀ ਬੇਨਤੀ ਦਿੱਤੀ ਗਈ ਹੈ ਕਿ ਉਨ੍ਹਾਂ ਦੀਆਂ ਪਲਾਟ ਅਲਾਟ ਕਰਨ ਸਬੰਧੀ ਅਰਜੀਆਂ ਨੂੰ ਸ਼੍ਰੀ ਹਰਦੇਵ ਸਿੰਘ, ਸਾਬਕਾ ਜਨਰਲ ਮੈਨੇਜਰ ਦੇ ਕੇਸ ਵਿੱਚ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਲੋਂ ਸਿਵਲ ਰਿਟ ਪਟੀਸ਼ਨ ਨੰ: 18149 ਆਫ 2●●7 ਵਿੱਚ ਮਿਤੀ ●7-●7-2●1● ਨੂੰ ਕੀਤੇ ਗਏ ਫੈਸਲੇ ਦੇ ਸਨਮੁੱਖ ਉਨ੍ਹਾਂ ਦੀ ਪੁੱਡਾ ਵਿੱਚ ਪ੍ਰਤੀ ਨਿਯੁਕਤੀ ਤੇ ਕੀਤੀ ਗਈ ਸੇਵਾ ਨੂੰ ਸਾਮਲ ਕਰਦੇ ਹੋਏ ਪਲਾਟ ਦੀ ਅਲਾਟਮੈਂਟ ਲਈ ਕੇਸ ਵਿਚਾਰਿਆ ਜਾਵੇ । ਮਾਨਯੋਗ ਕੋਰਟ ਵਲੋਂ ਸਿਵਲ ਰਿਟ ਪਟੀਸ਼ਨ ਨੰਬਰ 18149 ਆਫ 2●●7 ਵਿੱਚ ਮਿਤੀ ●7-●7-2●1● ਨੂੰ ਫੈਸਲਾ ਕਰਦੇ ਹੋਏ ਪਟੀਸ਼ਨਰ ਸ਼੍ਰੀ ਹਰਦੇਵ ਸਿੰਘ ਸਾਬਕਾ ਜਨਰਲ ਮੈਨੇਜਰ ਨੂੰ ਪੁੱਡਾ ਵਿੱਚ ਪ੍ਰਤੀ-ਨਿਯੁਕਤੀ ਤੇ ਜੋ ਸੇਵਾ ਕੀਤੀ ਹੈ, ਉਹ ਪੁੱਡਾ ਮਹਿਕਮੇ ਦੀ ਕੀਤੀ ਗਈ ਸੇਵਾ ਨੂੰ ਰੈਗੂਲਰ ਵਿੱਚ ਸ਼ਾਮਲ ਕਰਕੇ ਪਟੀਸ਼ਨਰ ਨੂੰ ਪਲਾਟ ਅਲਾਟ ਕਰਨ ਸਬੰਧੀ ਅਰਜੀ ਵਿਚਾਰਨ ਦੇ ਹੁਕਮ ਪਾਸ ਕੀਤੇ ਗਏ ਹਨ ਅਤੇ ਇਹਨਾਂ ਹੁਕਮਾਂ ਦੇ ਸਨਮੁੱਖ ਅਧਿਕਾਰੀ ਨੂੰ ਪਲਾਟ ਦੀ ਅਲਾਟਮੈਂਟ ਕੀਤੀ ਗਈ ਹੈ। ਮਾਨਯੋਗ ਕੋਰਟ ਵਲੋਂ ਕੀਤੇ ਗਏ ਫੈਸਲੇ ਦੇ ਸਨਮੁੱਖ ਜੇਕਰ ਇਨ੍ਹਾਂ ਕਰਮਚਾਰੀਆਂ ਦੀ ਪੁੱਡਾ ਵਿੱਚ ਪ੍ਰਤੀ ਨਿਯੁਕਤੀ ਤੇ ਕੀਤੀ ਗਈ ਸੇਵਾ ਨੂੰ ਸਾਮਿਲ ਕੀਤਾ ਜਾਂਦਾ ਹੈ ਤਾਂ ਇਹ ਕਰਮਚਾਰੀ ਸਕੀਮ ਉਲੀਕਣ ਸਮੇਂ ਪੁੱਡਾ ਦੀ 5 ਸਾਲ ਦੀ ਸੇਵਾ ਪੂਰੀ ਕਰ ਲੈਂਦੇ ਹਨ ਅਤੇ ਪਲਾਟ ਦੀ ਅਲਾਟਮੈਂਟ ਲਈ ਯੋਗ ਹੋ ਜਾਂਦੇ ਹਨ।

**ਉਪਰੋਕਤ ਦਰਸਾਈ ਗਈ ਸਥਿਤੀ ਦੇ ਸਨਮੁੱਖ ਮਾਮਲਾ ਅਥਾਰਿਟੀ ਦੇ ਸਨਮੁੱਖ ਵਿਚਾਰਨ ਅਤੇ ਫੈਸਲੇ ਹਿੱਤ ਪੇਸ਼ ਹੈ** :-ਪੁੱਡਾ ਵਿੱਚ ਦੂਜੇ ਮਹਿਕਮਿਆਂ ਤੋਂ ਪ੍ਰਤੀ ਨਿਯੁਕਤੀ ਤੇ ਆਏ ਕਰਮਚਾਰੀਆਂ ਨੂੰ ਪੁੱਡਾ ਅਥਾਰਿਟੀ ਦੀ ਮਿਤੀ 5.11.2●●3 ਨੂੰ ਹੋਈ ਮੀਟਿੰਗ ਵਿੱਚ ਲਏ ਗਏ ਫੈਸਲੇ ਅਨੁਸਾਰ ਮਿਤੀ 9.11.2●1● ਨੂੰ ਪੁੱਡਾ ਵਿੱਚ ਪੱਕੇ ਤੌਰ ਤੇ ਮਰਜ ਹੋਏ ਕਰਮਚਾਰੀਆਂ ਨੂੰ ਪੁੱਡਾ ਕਰਮਚਾਰੀਆਂ ਲਈ ਪਲਾਟਾਂ ਦੀ ਉਲੀਕੀ ਗਈ ਸਕੀਮ ਦੀ ਸਰਤ ਨੰ: 3 ਵਿੱਚ ਰੈਗੂਲਰ ਸੇਵਾ ਦੀ ਕੰਡੀਸਨ ਤੋਂ ਛੋਟ ਦਿੰਦੇ ਹੋਏ ਉਨ੍ਹਾਂ ਨੂੰ ਇਸ ਸਕੀਮ ਲਈ ਯੋਗ ਮੰਨਣ ਸਬੰਧੀ ਅਤੇ ਇਨ੍ਹਾਂ ਕਰਮਚਾਰੀਆਂ ਵੱਲੋਂ ਪਹਿਲਾਂ ਹੀ ਦਿੱਤੀਆਂ ਗਈਆਂ ਅਰਜੀਆਂ ਨੂੰ ਵਿਚਾਰਨ ਸਬੰਧੀ।

ਇਹ ਅਜੰਡਾ ਮਾਨਯੋਗ ਵਾਈਸ ਚੇਅਰਮੈਨ ਜੀ ਤੋਂ ਪ੍ਰਵਾਨਿਤ ਹੈ।

ਅਨੁਲੱਗ-I

ਪੰਜਾਬ ਸਹਿਰੀ ਯੋਜਨਾਬੰਦੀ ਅਤੇ ਵਿਕਾਸ ਅਥਾਰਿਟੀ,

ਪੁੱਡਾ ਭਵਨ, ਸੈਕਟਰ 62 ਐਸ.ਏ.ਐਸ.ਨਗਰ।

(ਪਾਲਿਸੀ ਸਾਖਾ)

ਦਫਤਰੀ ਹੁਕਮ

ਪੁੱਡਾ ਅਥਾਰਿਟੀ ਦੀ 42ਵੀਂ ਮੀਟਿੰਗ ਜੋ ਮਿਤੀ 1-9-2010 ਨੂੰ ਹੋਈ ਦੀ ਮੱਦ ਨੰ: 42.14 ਰਾਹੀਂ ਪੁੱਡਾ ਅਤੇ ਡਾਇਰੈਕਟੋਰੇਟ ਦੇ ਰਹਿੰਦੇ ਅਧਿਕਾਰੀਆਂ/ ਕਰਮਚਾਰੀਆਂ ਨੂੰ ਰਿਹਾਇਸੀ ਪਲਾਟ ਦੇਣ ਲਈ ਡਰਾਫਟ ਸਕੀਮ ਪ੍ਰਵਾਨ ਕੀਤੀ ਗਈ ਹੈ। ਇਸ ਸਕੀਮ ਦੀਆਂ ਹੇਠ ਲਿਖੇ ਅਨੁਸਾਰ ਸਰਤਾਂ ਹੋਣਗੀਆਂ:-

1. ਸਕੀਮ ਵਿੱਚ ਕੇਵਲ ਪੁੱਡਾ ਦੇ ਮੌਜੂਦਾ ਕਰਮਚਾਰੀ ਅਤੇ ਡਾਇਰੈਕਟੋਰੇਟ ਆਫ ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਵਿਭਾਗ ਦੇ ਕਰਮਚਾਰੀ ਜੋ ਇਸ ਸਮੇਂ ਪੁੱਡਾ ਵਿੱਚ ਪੱਕੇ ਤੌਰ ਤੇ ਪ੍ਰਤੀਨਿਯੁੱਕਤੀ ਤੇ ਹਨ, ਹੀ ਅਰਜ਼ੀ ਦੇਣ ਲਈ ਯੋਗ ਹੋਣਗੇ ਅਤੇ ਸਕੀਮ ਉਲੀਕਣ ਸਮੇਂ ਸੇਵਾ ਨਿਵਰਤ ਹੋ ਚੁੱਕੇ ਅਧਿਕਾਰੀ/ਕਰਮਚਾਰੀ ਅਰਜ਼ੀ ਦੇਣ ਲਈ ਯੋਗ ਨਹੀਂ ਹਨ।

2. ਮੋਹਾਲੀ, ਪਟਿਆਲਾ, ਲੁਧਿਆਣਾ ਅਤੇ ਬਠਿੰਡਾ ਸਟੇਸ਼ਨਾਂ ਲਈ ਹੇਠ-ਲਿਖੇ ਸਾਈਜ਼ ਦੇ ਪਲਾਟਾਂ ਦੀਆਂ ਅਰਜ਼ੀਆਂ ਮੰਗੀਆਂ ਜਾਣਗੀਆਂ:-

| | |
|---|---|
| ਕਲਾਸ-1 | 14 ਮਰਲੇ |
| ਕਲਾਸ-2 | 10 ਮਰਲੇ |
| ਕਲਾਸ-3 | 08 ਮਰਲੇ |
| ਕਲਾਸ-4 | 05 ਮਰਲੇ |

ਨੋਟ: ਕੋਈ ਵੀ ਅਧਿਕਾਰੀ/ਕਰਮਚਾਰੀ ਪਲਾਟ ਦੀ ਕੀਮਤ ਦੀ ਅਦਾਇਗੀ ਕਰਨ ਨੂੰ ਧਿਆਨ ਵਿੱਚ ਰੱਖਦੇ ਹੋਏ ਇੱਕ ਸਟੈਪ ਘੱਟ ਸਾਈਜ਼ ਲਈ ਆਪਣੀ ਅਰਜ਼ੀ ਦੇ ਸਕਦਾ ਹੈ।

3. ਜਿਹੜੇ ਅਧਿਕਾਰੀ/ਕਰਮਚਾਰੀ ਦੀ ਮਿਤੀ 31-08-2010 ਤੱਕ ਪੰਜ ਸਾਲਾਂ ਦੀ ਰੈਗੂਲਰ ਸੇਵਾ ਹੋ ਚੁੱਕੀ ਹੋਵੇ, ਉਹ ਹੀ ਅਰਜ਼ੀ ਦੇਣ ਲਈ ਯੋਗ ਹੋਣਗੇ।

5.

4. ਜਿਸ ਅਧਿਕਾਰੀ/ਕਰਮਚਾਰੀ ਵੱਲੋਂ ਜਿਸ ਅਰਬਨ ਐਸਟੇਟ ਲਈ ਅਪਲਾਈ ਕੀਤਾ ਜਾਣਾ ਹੈ, ਉਸਨੂੰ ਜਾਂ ਉਸਦੇ ਸਪਾਊਸ ਨੂੰ ਪੁੱਡਾ ਜਾਂ ਕਿਸੇ ਇੰਪਰੂਵਮੈਂਟ ਟਰੱਸਟ ਜਾਂ ਕਿਸੇ ਸਰਕਾਰੀ ਅਦਾਰੇ ਵੱਲੋਂ ਮਕਾਨ ਜਾਂ ਪਲਾਟ ਅਲਾਟ ਨਾ ਹੋਇਆ ਹੋਵੇ ਅਤੇ ਨਾ ਹੀ ਡਿਸਕ੍ਰਿਸ਼ਨਰੀ ਜਾਂ ਇੰਪਲਾਈ ਕੋਟੇ ਅਧੀਨ ਕਿਸੇ ਵੀ ਅਰਬਨ ਐਸਟੇਟ ਵਿੱਚ ਮਕਾਨ/ਪਲਾਟ ਦੀ ਅਲਾਟਮੈਂਟ ਕੀਤੀ ਗਈ ਹੋਵੇ। ਜਿਹੜੇ ਅਧਿਕਾਰੀ/ਕਰਮਚਾਰੀ ਵੱਲੋਂ ਪਲਾਟ/ਮਕਾਨ/ਫਲੈਟ ਬੋਲੀ ਜਾਂ ਓਪਨ ਮਾਰਕੀਟ ਤੋਂ ਖਰੀਦਿਆ ਗਿਆ ਹੋਵੇ, ਉਹ ਇਸ ਸਕੀਮ ਅਧੀਨ ਅਪਲਾਈ ਕਰ ਸਕਦਾ ਹੈ।

5. ਇਸ ਸਕੀਮ ਅਧੀਨ ਅਲਾਟ ਕੀਤੇ ਜਾਣ ਵਾਲੇ ਪਲਾਟਾਂ ਦੀਆਂ ਟਰਮਜ਼ ਐਂਡ ਕੰਡੀਸ਼ਨਾਂ ਆਮ ਜਨਤਾ ਨੂੰ ਅਲਾਟ ਕੀਤੇ ਜਾਣ ਵਾਲੇ ਪਲਾਟਾਂ ਵਾਲੀਆਂ ਹੀ ਹੋਣਗੀਆਂ।

6. ਅਰਜ਼ੀ ਫਾਰਮ ਨਾਲ ਭੇਜੀ ਜਾਣ ਵਾਲੀ ਬਿਆਨਾਂ ਰਕਮ ਬੈਂਕ ਡਰਾਫਟ ਦੇ ਰੂਪ ਵਿੱਚ ਹੇਠ-ਲਿਖੇ ਅਨੁਸਾਰ ਹੋਵੇਗੀ:

| | |
|---|---|
| 14 ਮਰਲੇ | 40,000/-ਰੁ. |
| 10 ਮਰਲੇ | 30,000/-ਰੁ. |
| 08 ਮਰਲੇ | 20,000/-ਰੁ. |
| 05 ਮਰਲੇ | 10,000/-ਰੁ. |

7. ਪਲਾਟ ਦੀ ਅਲਾਟਮੈਂਟ ਸਮੇਂ ਜੋ ਰੀਜ਼ਰਵ ਕੀਮਤ ਹੋਵੇਗੀ, ਉਸ ਰੇਟ ਤੇ ਹੀ ਪਲਾਟ ਦੀ ਅਲਾਟਮੈਂਟ ਕੀਤੀ ਜਾਵੇਗੀ।

8. ਇਸ ਸਕੀਮ ਅਧੀਨ ਅਲਾਟ ਕੀਤਾ ਗਿਆ ਪਲਾਟ ਸਮਰੱਥ ਅਧਿਕਾਰੀ ਤੋਂ ਕੰਪਲੀਸ਼ਨ ਸਰਟੀਫਿਕੇਟ ਜਾਰੀ ਕਰਨ ਦੀ ਮਿਤੀ ਤੋਂ ਪੰਜ ਸਾਲ ਤੱਕ ਵੇਚਣਯੋਗ ਨਹੀਂ ਹੋਵੇਗਾ।

9. ਜਿਹੜੇ ਅਧਿਕਾਰੀਆਂ/ਕਰਮਚਾਰੀਆਂ ਨੇ ਪਹਿਲਾਂ ਮਹਿਕਮੇ ਤੋਂ ਹਾਊਸ ਬਿਲਡਿੰਗ ਲੋਨ ਦੀ ਸਹੂਲਤ ਪ੍ਰਾਪਤ ਕੀਤੀ ਗਈ ਹੈ, ਉਹ ਇਸ ਸਕੀਮ ਤੋਂ ਡੀਬਾਰ ਨਹੀਂ ਹੋਣਗੇ ਬਸ਼ਰਤੇ ਉਹ ਸਕੀਮ ਦੀਆਂ ਬਾਕੀ ਫਾਰਮਿਲਟੀਆਂ ਪੂਰੀਆਂ ਕਰਦੇ ਹੋਣ।

10. ਇਹ ਸਕੀਮ ਅਧੀਨ ਅਰਜੀਆਂ ਦੇਣ ਦੀ ਆਖਰੀ ਮਿਤੀ 30-11-2010 ਹੋਵੇਗੀ। ਸਕੀਮ ਬੰਦ ਹੋਣ ਤੋਂ ਬਾਅਦ ਅਤੇ ਕਿਸੇ ਪੱਖ ਤੋਂ ਅਧੂਰੀਆਂ ਪ੍ਰਾਪਤ ਹੋਈਆਂ ਅਰਜ਼ੀਆਂ ਤੇ ਵਿਚਾਰ ਨਹੀਂ ਕੀਤਾ ਜਾਵੇਗਾ।

11. ਇਸ ਸਕੀਮ ਦੇ ਸਬੰਧ ਵਿੱਚ ਕਿਸੇ ਅਧਿਕਾਰੀ/ਕਰਮਚਾਰੀ ਵੱਲੋਂ ਦਿੱਤੀ ਗਈ ਸੂਚਨਾ ਜੇਕਰ ਕਿਸੇ ਸਟੇਜ ਤੇ ਗਲਤ ਸਾਬਤ ਹੁੰਦੀ ਹੈ ਤਾਂ ਉਸ ਦਾ ਅਲਾਟਮੈਂਟ ਲਈ ਹੱਕ ਰੱਦ ਕਰ ਦਿੱਤਾ ਜਾਵੇਗਾ ਅਤੇ ਗਲਤ ਸੂਚਨਾ ਦੇਣ ਕਰਕੇ ਸਬੰਧਤ ਅਧਿਕਾਰੀ/ਕਰਮਚਾਰੀ ਅਨੁਸਾਸ਼ਨੀ ਕਾਰਵਾਈ ਦਾ ਵੀ ਭਾਗੀਦਾਰ ਹੋਵੇਗਾ।

·6

12. ਪਲਾਟਾਂ ਦੀ ਅਲਾਟਮੈਂਟ ਉਸ ਸਟੇਸ਼ਨ ਤੇ ਪਲਾਟ ਉਪਲੱਬਧ ਹੋਣ ਦੀ ਸੂਰਤ ਵਿੱਚ ਹੀ ਵਿਚਾਰੀ ਜਾਵੇਗੀ ਅਤੇ ਜੇਕਰ ਡੀਮਾਂਡ ਅਸੈਸ ਕਰਨ ਉਪਰੰਤ ਕਿਸੇ ਸਟੇਸ਼ਨ ਤੇ ਪਲਾਟ ਉਪਲੱਬਧ ਨਹੀਂ ਹੁੰਦੇ ਹਨ ਤਾਂ ਉਸ ਲਈ ਅਧਿਕਾਰੀ/ਕਰਮਚਾਰੀ ਦਾ ਅਲਾਟਮੈਂਟ ਲਈ ਕੋਈ ਕਲੇਮ ਨਹੀਂ ਹੋਵੇਗਾ।

13. ਇਹ ਪਲਾਟ ਵੱਖ-ਵੱਖ ਅਥਾਰਿਟੀਆਂ ਵਲੋਂ ਉਲੀਕੀ ਜਾਣ ਵਾਲੀਆਂ ਨਵੀਆਂ ਸਕੀਮਾਂ ਅਧੀਨ ਹੀ ਅਲਾਟ ਕੀਤੇ ਜਾਣਗੇ।

ਮਿਤੀ: ਐਸ ਏ ਐਸ ਨਗਰ,
24.09.2010

ਸਰਵਜੀਤ ਸਿੰਘ, ਆਈ.ਏ.ਐਸ,
ਮੁੱਖ ਪ੍ਰਸਾਸਕ, ਪੁੱਡਾ, ਮੋਹਾਲੀ।

ਪਿ:ਅੰ:ਨੰ:ਪੁੱਡਾ (ਪਾਲਿਸੀ)/2010/ 23381-415 ਮਿਤੀ: 29-9-2010

ਉਪਰੋਕਤ ਦਾ ਉਤਾਰਾ ਪੁੱਡਾ ਦੀਆਂ ਸਮੂਹ ਬਰਾਂਚਾਂ ਅਤੇ ਸਮੂਹ ਵਿਕਾਸ ਅਥਾਰਿਟੀਆਂ (ਗਮਾਡਾ, ਗਲਾਡਾ, ਬੀਡੀਏ, ਜੇ.ਡੀਏ, ਏਡੀਏ, ਵਧੀਕ ਮੁੱਖ ਪ੍ਰਸਾਸਕ, ਪੁੱਡਾ, ਪਟਿਆਲਾ ) ਨੂੰ ਸੂਚਨਾ ਅਤੇ ਲੋੜੀਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ। ਬੇਨਤੀ ਕੀਤੀ ਜਾਂਦੀ ਹੈ ਕਿ ਇਹ ਸਕੀਮ ਆਪਣੇ ਅਧੀਨ ਆਉਂਦੇ ਸਾਰੇ ਅਧਿਕਾਰੀਆਂ/ਕਰਮਚਾਰੀਆਂ ਦੇ ਧਿਆਨ ਵਿਚ ਲਿਆ ਦਿੱਤੀ ਜਾਵੇ ਅਤੇ ਉਪਰੋਕਤ ਸਕੀਮ ਅਨੁਸਾਰ ਅਧਿਕਾਰੀਆਂ/ਕਰਮਚਾਰੀਆਂ ਤੋ ਨਾਲ ਨੱਥੀ ਪ੍ਰੋਫਾਰਮੇ ਅਨੁਸਾਰ ਮੁਕੰਮਲ ਅਰਜੀਆਂ ਪ੍ਰਾਪਤ ਕਰਕੇ ਹਰ ਹਾਲਤ ਵਿਚ ਉਪਰੋਕਤ ਦੱਸੀ ਮਿਤੀ ਤੱਕ ਮੁੱਖ ਦਫਤਰ ਵਿਖੇ ਭੇਜਣ ਨੂੰ ਯਕੀਨੀ ਬਣਾਇਆ ਜਾਵੇ।

ਮਿਲਖ ਅਫਸਰ (ਪਾਲਿਸੀ),
ਵਾ: ਮੁੱਖ ਪ੍ਰਸਾਸਕ, ਪੁੱਡਾ।

-7-

# ਪੰਜਾਬ ਸਹਿਰੀ ਯੋਜਨਾਬੰਦੀ ਅਤੇ ਵਿਕਾਸ ਅਥਾਰਟੀ, ਐਸ.ਏ.ਐਸ. ਨਗਰ।

## ਪ੍ਰੋਫਾਰਮਾ

1. ਕਰਮਚਾਰੀ ਦਾ ਨਾਮ ਅਤੇ ਅਹੁੱਦਾ --------------------------

2. ਪਿਤਾ/ਪਤੀ ਦਾ ਨਾਮ --------------------------

3. ਸ੍ਰੇਣੀ 1,2,3 ਅਤੇ 4 --------------------------

4. ਪਲਾਟ ਦਾ ਸਾਈਜ --------------------------
5. ਜਨਮ ਮਿਤੀ --------------------------
6. ਦਫਤਰ ਦਾ ਪੂਰਾ ਪਤਾ ਜਿਸ ਵਿਚ ਅਧਿਕਾਰੀ /ਕਰਮਚਾਰੀ ਇਸ ਸਮੇ ਕੰਮ ਰਿਹਾ ਹੈ। --------------------------
7. ਰੈਗੂਲਰ ਸਰਵਿਸ ਜੁਆਇੰਨ ਕਰਨ ਦੀ ਮਿਤੀ (ਇਹ ਮਿਤੀ ਸਬੰਧਤ ਦਫਤਰ ਤੋਂ ਤਸਦੀਕ ਕਰਵਾਈ ਜਾਵੇ।) --------------------------

8. ਰਿਟਾਇਰ ਹੋਣ ਦੀ ਮਿਤੀ --------------------------

9. ਬਿਆਨਾ ਰਕਮ ਦਾ ਵੇਰਵਾ
   ਡਰਾਫਟ ਨੰਬਰ----------------
   ਮਿਤੀ ---------------------
   ਰਕਮ ---------------------
   ਜਾਰੀ ਕਰਨ ਵਾਲੇ ਬੈਕ ਦਾ ਨਾਂ-----
   -------------------------

10. ਬਿਨੇਕਾਰ ਕਿਸ ਸਟੇਸਨ ਤੇ ਪਲਾਟ ਲੈਣਾ ਚਾਹੁੰਦਾ ਹੈ ਮੁਹਾਲੀ, ਪਟਿਆਲਾ, ਲੁਧਿਆਣਾ ਅਤੇ ਬਠਿੰਡਾ। ---------------------

11. ਕੀ ਅਧਿਕਾਰੀ/ਕਰਮਚਾਰੀ ਨੂੰ ਪੰਜਾਬ ਉਸਾਰੀ ਵਿਕਾਸ ਬੋਰਡ /ਡਾਇਰੈਕਟਰੋਟ ਜਾਂ ਪੁੱਡਾ ਜਾਂ ਗਮਾਡਾ ਵਲੋਂ ਕੋਈ ਮਕਾਨ ਜਾਂ ਪਲਾਟ employees quota/discretionary quota ਵਿਚੋ ਅਲਾਟ ਹੋਇਆ ਹੈ। --------------

-੪-

12. ਕੀ ਅਧਿਕਾਰੀ/ਕਰਮਚਾਰੀ ਦੇ ਆਪਣੇ ਜਾਂ ਉਸਦੇ ਸਪਾਉਸ /ਆਸਰਤ ਪਰਿਵਾਰ ਦੇ ਮੈਂਬਰ ਦੇ ਨਾਮ ਤੇ ਕੋਈ ਮਕਾਨ/ ਪਲਾਟ/ਫਲੈਟ ਹੈ ਜਾਂ ਨਹੀ। --------------
--------------

(ੳ) ਜੇਕਰ ਹਾਂ ਤਾਂ ਉਸਦੇ ਪੂਰੇ ਵੇਰਵੇ:
   (i) ਮਕਾਨ ਨੰਬਰ -------------
   (ii) ਫੇਜ/ਸੈਕਟਰ -------------
   (iii) ਅਰਬਟ ਅਸਟੇਟ ਦਾ ਨਾਂ--------

(ਅ) ਪ੍ਰਾਪਰਟੀ ਖਰੀਦਣ ਦਾ ਸਾਧਨ:
   (i) ਰਿਜਰਵ ਕੀਮਤ--------------
   (ii) ਰੀ-ਅਲਾਟਡ---------------
   (iii) ਫੈਮਲੀ ਟਰਾਂਸਫਰ-------------

13. ਕੀ ਅਧਿਕਾਰੀ/ਕਰਮਚਾਰੀ ਦੇ ਮਹਿਕਮੇ ਤੋਂ ਮਕਾਨ ਬਣਾਉਣ ਲਈ ਕਰਜਾ ਲਿਆ ਹੈ, ਜੇਕਰ ਲਿਆ ਹੈ ਤਾਂ ਉਸ ਦਾ ਵੇਰਵਾ (1) ਰਕਮ--------
(2) ਸਟੇਸਨ-------

14. ਨੋਮਨੀ --------------
ਨੋਮਨੀ ਨਾਲ ਰਿਸਤਾ --------------------

15. ਬਿਨੇਕਾਰ ਦੇ ਹਸਤਾਖਰ ---------------------

1.9.

ਅੰਡਰਟੇਕਿੰਗ

ਮੈਂ .................................. ਪੁਤੱਰ/ਪੁੱਤਰੀ ਸ੍ਰੀ .......................... ਅਹੁੱਦਾ ..................... ਦਫਤਰ ..................................... ਘੋਸਿਤ ਕਰਦਾ/ ਕਰਦੀ ਹਾਂ ਕਿ ਸਹਿਰੀ ਮਿਲਖ .......................... ਵਿਖੇ ਮੈਨੂੰ ਜਾਂ ਮੇਰੇ ਸਪਾਊਸ ਨੂੰ ਪੁੱਡਾ ਜਾਂ ਕਿਸੇ ਇੰਪਰੂਪਮੈਂਟ ਟਰੱਸਟ ਜਾਂ ਕਿਸੇ ਸਰਕਾਰੀ ਅਦਾਰੇ ਵਲੋ ਮਕਾਨ/ ਪਲਾਟ/ਫਲੈਟ ਅਲਾਟ ਨਹੀਂ ਹੋਇਆ ਹੈ ਅਤੇ ਨਾ ਹੀ ਡਿਸਕ੍ਰਿਸਨਰੀ ਜਾਂ ਇੰਪਲਾਈ ਕੋਟੇ ਅਧੀਨ ਕਿਸੇ ਵੀ ਅਰਬਨ ਅਸਟੇਟ ਵਿਚ ਮਕਾਨ /ਪਲਾਟ/ਫਲੈਟ ਦੀ ਅਲਾਟਮੈਂਟ ਕੀਤੀ ਗਈ ਹੈ।

2. ਇਹ ਕੀ ਮੇਰੇ ਜਾਂ ਮੇਰੇ ਸਪਾਉਸ ਵਲੋ ਫਲੈਟ/ਮਕਾਨ/ਪਲਾਟ ਨੰ: .......... ਫੇਜ/ਸੈਕਟਰ ........ ਅਰਬਨ ਅਸਟੇਟ ........ ਆਪਣੇ ਸਾਧਨ ਤੋ ਓਪਨ ਮਾਰਕੀਟ ਵਿਚੋਂ ਖਰੀਦਿਆ ਹੈ ਅਤੇ ਇਹ ਮਕਾਨ ਰਿਜਰਵ ਕੀਮਤ ਤੇ ਕਿਸੇ ਸਰਕਾਰੀ/ਗੈਰ ਸਰਕਾਰੀ ਮਹਿਕਮੇ ਵਲੋ ਅਲਾਟ ਨਹੀਂ ਕੀਤਾ ਗਿਆ।

ਬਿਆਨ ਕਰਤਾ

ਮਿਤੀ
ਥਾਂ

ਵੈਰੀਫਿਕੇਸਨ

ਮੈਂ ਤਸਦੀਕ ਕਰਦਾ/ਕਰਦੀ ਹਾਂ ਕਿ ਮੇਰੇ ਵਲੋ ਉਪਰੋਕਤ ਬਿਆਨ ਕੀਤੀ ਗਈ ਸੂਚਨਾ ਮੇਰੀ ਸੂਝ ਬੂਝ ਅਨੁਸਾਰ ਠੀਕ ਅਤੇ ਦਰੁਸਤ ਹੈ ਅਤੇ ਇਸ ਵਿਚ ਕੋਈ ਵੀ ਗੱਲ ਗਲਤ ਨਹੀ ਹੈ ਅਤੇ ਨਾ ਹੀ ਛੁਪਾਈ ਗਈ ਹੈ।

ਬਿਆਨ ਕਰਤਾ

ਅਨੁਲੱਗ – II

ਡਾਇਰੀ ਨੰਬਰ 25
ਪੀ.ਏ./ਵੀ.ਸੀ., ਪੁੱਡਾ 10-1-11

ਸੇਵਾ ਵਿਖੇ,

ਮਾਨਯੋਗ ਮੁੱਖ ਪ੍ਰਸ਼ਾਸ਼ਕ,
ਪੰਜਾਬ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ ਅਥਾਰਿਟੀ,
ਸਹਿਬਜ਼ਾਦਾ ਅਜੀਤ ਸਿੰਘ ਨਗਰ ।

ਦਫਤਰ ... ਡਾਇਰੀ ਨੰ: 99
ਮਿਤੀ: 10-1-11

**ਵਿਸ਼ਾ: – ਪੁੱਡਾ ਇੰਮਪਲਾਈਜ਼ ਨੂੰ ਪਲਾਟ ਦੇਣ ਸੰਬੰਧੀ ਸਕੀਮ ਅਧੀਨ ਪਲਾਟ ਦੀ ਅਲਾਟਮੈਂਟ ਸੰਬੰਧੀ ।**

ਸ਼੍ਰੀ ਮਾਨ ਜੀ,

ਉਪਰੋਕਤ ਵਿਸ਼ੇ ਸੰਬੰਧੀ ਬੇਨਤੀ ਕੀਤੀ ਜਾਂਦੀ ਹੈ ਕਿ ਮੈਂ ਬਠਿੰਡਾ ਵਿਕਾਸ ਅਥਾਰਿਟੀ, ਬਠਿੰਡਾ ਵਿਖੇ ਬਤੌਰ ਕਲਰਕ ਕੰਮ ਕਰ ਰਿਹਾ ਹਾਂ । ਪੁੱਡਾ ਵੱਲੋਂ ਇੰਮਲਾਈਜ਼ ਨੂੰ ਪਲਾਟ ਦੇਣ ਸੰਬੰਧੀ ਜੋ ਸਕੀਮ ਚਲਾਈ ਗਈ ਹੈ ਉਸ ਸੰਬੰਧੀ ਫ਼ਾਰਮ ਭਰਨ ਲਈ 30.11.2010 ਸੰਬੰਧੀ ਸੀ ਪ੍ਰੰਤੂ ਮੈਨੂੰ ਕੁਝ ਨਿੱਜੀ ਘਰੇਲੂ ਪ੍ਰੇਸ਼ਾਨੀਆਂ ਕਰਕੇ ਇਹ ਫਾਰਮ ਜਮਾਂ ਕਰਨ ਵਿੱਚ 4 ਦਿਨਾਂ ਦੀ ਦੇਰੀ ਹੋ ਗਈ ਹੈ ।

ਆਪ ਜੀ ਨੂੰ ਨਿਰਤਾ ਸਹਿਤ ਬੇਨਤੀ ਹੈ ਕਿ ਮੇਰਾ ਫਾਰਮ ਕਨਸੀਡਰ ਕਰਨ ਦੀ ਖੇਚਲ ਕੀਤੀ ਜਾਵੇ ਜੀ ।

ਮੈਂ ਆਪ ਜੀ ਦਾ ਬਹੁਤ ਧੰਨਵਾਦੀ ਹੋਵਾਂਗਾ ਜੀ ।

ਆਪ ਜੀ ਦਾ ਵਿਸਵਾਸ ਪਾਤਰ,

(ਅਨੰਦਪਾਲ ਤਿਵਾੜੀ)
ਕਲਰਕ
ਬੀ.ਡੀ.ਏ., ਬਠਿੰਡਾ ।

ਮਿਤੀ 06-01-2011

ਉਤਾਰਾ:-
ਮਾਨਯੋਗ ਵਾਈਸ ਚੇਅਰਮੈਨ, ਪੁੱਡਾ, ਚੰਡੀਗੜ੍ਹ ਜੀ ਨੂੰ ਅਪਲੀਕੇਸ਼ਨ ਫ਼ਾਰਮ ਪ੍ਰਵਾਨ ਕਰਨ ਲਈ ਬੇਨਤੀ ਕਰਦੇ ਹੋਏ ਭੇਜਿਆ ਜਾਂਦਾ ਹੈ ਜੀ ।

FROM :FRIENDS-PHOTO-STAT FAX NO. :5001757 6 Dec. 2010 10:39PM P1

# ਬਠਿੰਡਾ ਡਿਵੈਲਪਮੈਂਟ ਅਥਾਰਟੀ, ਬਠਿੰਡਾ ।

ਵੱਲ,

ਮਿਲਖ ਅਫਸਰ (ਪਾਲਿਸੀ )
ਪੁੱਡਾ, ਮੁਹਾਲੀ ।

ਪੱਤਰ ਨੰ: ਬੀ.ਡੀ.ਏ /[illegible].ਮੁ.ਪ੍./ਬਠਿੰਡਾ/2010/ 2167
ਮਿਤੀ : 6/12/2010

ਵਿਸ਼ਾ: ਸ੍ਰੀ ਆਂਨਦ ਪਾਲ ਤਿਵਾੜੀ ਕਲਰਕ ਦਾ ਪਲਾਟ ਲਈ ਐਪਲੀਕੇਸ਼ਨ ਫਾਰਮ ਭੇਜਣ ਬਾਰੇ ।

ਸ੍ਰੀ ਆਂਨਦ ਪਾਲ ਤਿਵਾੜੀ - ਕਲਰਕ ਵੱਲੋਂ ਪਲਾਟ ਲਈ ਐਪਲੀਕੇਸ਼ਨ ਫਾਰਮ (ਕਰਮਚਾਰੀ ਕੋਟੇ ਵਿੱਚ ) ਪ੍ਰਾਪਤ ਹੋਇਆ ਹ, ਜੋ ਕਿ ਆਪਜੀ ਨੂੰ ਮੂਲ ਰੂਪ ਵਿੱਚ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ ।

ਨੱਥੀ: ਐਪਲੀਕੇਸ਼ਨ ਫਾਰਮ
ਡਰਾਫਟ ਨੰ:
ਅੰਡਰਟੇਕਿੰਗ

ਮੁੱਖ ਪ੍ਰਸਾਸ਼ਕ,
ਬੀ.ਡੀ.ਏ, ਬਠਿੰਡਾ

12

# ਪੰਜਾਬ ਸਹਿਰੀ ਯੋਜਨਾਬੰਦੀ ਅਤੇ ਵਿਕਾਸ ਅਥਾਰਟੀ, ਐਸ.ਏ.ਐਸ. ਨਗਰ।

## ਪ੍ਰੋਫਾਰਮਾ

4454 7/12/10

1. ਕਰਮਚਾਰੀ ਦਾ ਨਾਮ ---------- ਅਮਰੀਕ ਪਾਲ ਤਿਵਾੜੀ
2. ਪਿਤਾ/ਪਤੀ ਦਾ ਨਾਮ ---------- ਸ੍ਰੀ ਮੋਹਨ ਲਾਲ ਤਿਵਾੜੀ
3. ਸ੍ਰੇਣੀ 1,2,3 ਅਤੇ 4 ---------- 3
4. ਪਲਾਟ ਦਾ ਸਾਈਜ ---------- 200 ਗਜ
5. ਜਨਮ ਮਿਤੀ ---------- 20-09-1963
6. ਦਫਤਰ ਦਾ ਪੂਰਾ ਪਤਾ ਜਿਸ ਵਿਚ ਅਧਿਕਾਰੀ /ਕਰਮਚਾਰੀ ਇਸ ਸਮੇ ਕੰਮ ਰਿਹਾ ਹੈ। ---------- ਬਠਿੰਡਾ ਵਿਕਾਸ ਅਥਾਰਟੀ ਬਠਿੰਡਾ (Estate Officer BDA, Bathinda)
7. ਰੈਗੂਲਰ ਸਰਵਿਸ ਜੁਆਇੰਨ ਕਰਨ ਦੀ ਮਿਤੀ (ਇਹ ਮਿਤੀ ਸਬੰਧਤ ਦਫਤਰ ਤੋਂ ਤਸਦੀਕ ਕਰਵਾਈ ਜਾਵੇ।) ---------- 14-01-2001 26626-42 ...
8. ਰਿਟਾਇਰ ਹੋਣ ਦੀ ਮਿਤੀ ---------- 30-09-2021
9. ਬਿਆਨਾ ਰਕਮ ਦਾ ਵੇਰਵਾ
   - ਡਰਾਫਟ ਨੰਬਰ---------- 362145
   - ਮਿਤੀ---------- 4-12-2010
   - ਰਕਮ---------- 20,000/-
   - ਜਾਰੀ ਕਰਨ ਵਾਲੇ ਬੈਂਕ ਦਾ ਨਾਂ---------- ਸਿੰਡੀਕੇਟ ਬੈਂਕ
10. ਬਿਨੇਕਾਰ ਕਿਸ ਸਟੇਸਨ ਤੇ ਪਲਾਟ ਲੈਣਾ ਚਾਹੁੰਦਾ ਹੈ ਮੁਹਾਲੀ, ਪਟਿਆਲਾ, ਲੁਧਿਆਣਾ ਅਤੇ ਬਠਿੰਡਾ। ---------- ਐਸ.ਏ.ਐਸ. ਨਗਰ/ਮੁਹਾਲੀ
11. ਕੀ ਅਧਿਕਾਰੀ/ਕਰਮਚਾਰੀ ਨੂੰ ਪੰਜਾਬ ਉਸਾਰੀ ਵਿਕਾਸ ਬੋਰਡ /ਡਾਇਰੈਕਟਰੋਟ ਜਾਂ ਪੁੱਡਾ ਜਾਂ ਗਮਾਡਾ ਵਲੋਂ ਕੋਈ ਮਕਾਨ ਜਾਂ ਪਲਾਟ employees quota/discretionary quota ਵਿਚੋ ਅਲਾਟ ਹੋਇਆ ਹੈ। ---------- ਨਹੀਂ
12. ਕੀ ਅਧਿਕਾਰੀ/ਕਰਮਚਾਰੀ ਦੇ ਆਪਣੇ ਜਾਂ ਉਸਦੇ ਸਪਾਉਸ /ਆਸਰਤ ਪਰਿਵਾਰ ਦੇ ਮੈਂਬਰ ਦੇ ਨਾਮ ਤੇ ਕੋਈ ਮਕਾਨ/ ਪਲਾਟ/ਫਲੈਟ ਹੈ ਜਾਂ ਨਹੀ। ---------- ਨਹੀਂ

(ੳ) ਜੇਕਰ ਹਾਂ ਤਾਂ ਉਸਦੇ ਪੂਰੇ ਵੇਰਵੇ:
- (i) ਮਕਾਨ ਨੰਬਰ ---------- -
- (ii) ਫੇਜ/ਸੈਕਟਰ ---------- -
- (iii) ਅਰਬਟ ਅਸਟੇਟ ਦਾ ਨਾਂ---------- -

(ਅ) ਪ੍ਰਾਪਰਟੀ ਖਰੀਦਣ ਦਾ ਸਾਧਨ:
- (i) ਰਿਜਰਵ ਕੀਮਤ---------- ✓
- (ii) ਰੀ-ਅਲਾਟਡ---------- -
- (iii) ਫੈਮਲੀ ਟਰਾਂਸਫਰ---------- -

13. ਕੀ ਅਧਿਕਾਰੀ/ਕਰਮਚਾਰੀ ਦੇ ਮਹਿਕਮੇ ਤੋਂ ਮਕਾਨ ਬਣਾਉਣ ਲਈ ਕਰਜਾ ਲਿਆ ਹੈ, ਜੇਕਰ ਲਿਆ ਹੈ ਤਾਂ ਉਸ ਦਾ ਵੇਰਵਾ
    - (1) ਰਕਮ---------- ਨਹੀਂ -
    - (2) ਸਟੇਸਨ---------- -
14. ਨੋਮਨੀ ---------- ਮੀਰਾ
    ਨੋਮਨੀ ਨਾਲ ਰਿਸ਼ਤਾ ---------- ਪਤਨੀ

(signature)
ਬਿਨੇਕਾਰ ਦੇ ਹਸਤਾਖਰ
#2215/II
Sector 44/C, Cha

- 13 -

## ਅੰਡਰਟੇਕਿੰਗ

ਮੈਂ ਆਨੰਦ ਪਾਲ ਤਿਵਾੜੀ ਪੁੱਤਰ ਸ੍ਰੀ ਸੋਹਨ ਲਾਲ ਤਿਵਾੜੀ ਅਹੁੱਦਾ ਕਲਰਕ ਦਫਤਰ ਮੁੱਖ ਪ੍ਰਸਾਸ਼ਕ ਪੁੱਡਾ/ਬੀਡੀਏ, ਬਠਿੰਡਾ ਘੋਸ਼ਿਤ ਕਰਦਾ/ਕਰਦੀ ਹਾਂ ਕਿ ਸ਼ਹਿਰੀ ਮਿਲਖ ਮੁਹਾਲੀ ਵਿਖੇ ਮੈਨੂੰ ਜਾਂ ਮੇਰੇ ਸਪਾਊਸ ਨੂੰ ਪੁੱਡਾ ਜਾਂ ਕਿਸੇ ਇੰਪਰੂਵਮੈਂਟ ਟਰੱਸ਼ਟ ਜਾਂ ਕਿਸੇ ਸਰਕਾਰੀ ਅਦਾਰੇ ਵੱਲੋਂ ਮਕਾਨ/ਪਲਾਟ/ਫਲੈਟ ਅਲਾਟ ਨਹੀਂ ਹੋਇਆ ਹੈ ਅਤੇ ਨਾਂ ਹੀ ਡਿਸਕ੍ਰਿਸਨਰੀ ਜਾਂ ਇੰਪਲਾਈ ਕੋਟੇ ਅਧੀਨ ਕਿਸੇ ਵੀ ਅਰਬਨ ਅਸਟੇਟ ਵਿੱਚ ਮਕਾਨ/ਪਲਾਟ/ਫਲੈਟ ਦੀ ਅਲਾਟਮੈਂਟ ਕੀਤੀ ਗਈ ਹੈ ।

2. ਇਹ ਕੀ ਮੇਰੇ ਜਾਂ ਮੇਰੇ ਸਪਾਊਸ ਵੱਲੋਂ ਫਲੈਟ/ਮਕਾਨ/ਪਲਾਟ ਨੰ: —.........ਫੇਜ/ਸੈਕਟਰ.....—..... ਅਰਬਨ ਅਸਟੇਟ —............ ਆਪਣੇ ਸਾਧਨ ਤੋਂ ਓਪਨ ਮਾਰਕੀਟ ਵਿੱਚੋਂ ਖਰੀਦਿਆਂ ਅਤੇ ਇਹ ਮਕਾਨ ਰਿਜਰਵ ਕੀਮਤ ਤੇ ਕਿਸੇ ਸਰਕਾਰੀ/ਗੈਰ ਸਰਕਾਰੀ ਮਹਿਕਮੇ ਵੱਲੋਂ ਅਲਾਟ ਨਹੀਂ ਕੀਤਾ ਗਿਆ ।

ਬਿਆਨ ਕਰਤਾ

ਮਿਤੀ :

ਸਥਾਨ :

**ਵੈਰੀਫਿਕੇਸ਼ਨ**

ਮੈਂ ਤਸਦੀਕ ਕਰਦਾ /ਕਰਦੀ ਹਾਂ ਕਿ ਮੇਰੇ ਵੱਲੋਂ ਉਪਰੋਕਤ ਬਿਆਨ ਕੀਤੀ ਗਈ ਸੂਚਨਾਂ ਮੇਰੀ ਸੂਝ ਬੂਝ ਅਨੁਸਾਰ ਠੀਕ ਅਤੇ ਦਰੁਸਤ ਹੈ ਅਤੇ ਇਸ ਵਿੱਚ ਕੋਈ ਵੀ ਗੱਲ ਗਲਤ ਨਹੀਂ ਹੈ ਅਤੇ ਨਾ ਹੀ ਛੁਪਾਈ ਗਈ ਹੈ ।

ਬਿਆਨ ਕਰਤਾ

ਅਜੰਡਾ ਆਇਟਮ ਨੰ: 45.04

ਪ੍ਰਸ਼ਾਸਨ ਸ਼ਾਖਾ (ਅਮਲਾ)

**ਵਿਸ਼ਾ: ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ ਅਤੇ ਪਛੜੀਆਂ ਸ੍ਰੇਣੀਆਂ ਦੀ ਭਲਾਈ ਕਮੇਟੀ ਦੀ 37ਵੀਂ ਰਿਪੋਰਟ ਵਿੱਚ ਦਰਜ ਸਿਫਾਰਸ਼ਾਂ ਬਾਰੇ।**

ਪੰਜਾਬ ਸਰਕਾਰ ਵਲੋਂ ਸਰਕਾਰੀ ਵਿਭਾਗਾਂ/ਬੋਰਡ ਕਾਰਪੋਰੇਸ਼ਨਾਂ ਵਿਖੇ ਪ੍ਰਵਾਨਤ ਵੱਖ-2 ਕਾਡਰ ਦੀਆਂ ਅਸਾਮੀਆਂ ਲਈ ਪੰਜਾਬ ਸਰਕਾਰ ਵਲੋਂ ਪ੍ਰਵਾਨਤ ਰੋਸਟਰ ਰਜਿਸਟਰ ਅਨੁਸਾਰ ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ ਅਤੇ ਪਛੜੀਆਂ ਸ੍ਰੇਣੀਆਂ ਲਈ ਰਾਖਵੇਂ ਨੁਕਤਿਆਂ ਵਿਰੁੱਧ ਕਾਡਰ ਵਾਈਜ ਬੈਕਲਾਗ ਦੀਆਂ ਰਿਪੋਰਟਾਂ ਮੰਗੀਆਂ ਗਈਆਂ ਸਨ। ਸਰਕਾਰ ਦੀ ਮੰਗ ਅਨੁਸਾਰ ਪੁੱਡਾ ਵਲੋਂ ਵੱਖ-2 ਕਾਡਰ ਦੀਆਂ ਅਸਾਮੀਆਂ ਦੇ ਬੈਕਲਾਗ ਦੀ ਰਿਪੋਰਟ ਭੇਜੀ ਗਈ ਸੀ। ਵੱਖ-2 ਵਿਭਾਗਾਂ/ਬੋਰਡ ਕਾਰਪੋਰੇਸ਼ਨਾਂ ਤੋਂ ਪ੍ਰਾਪਤ ਹੋਈਆਂ ਰਿਪੋਰਟਾਂ ਨੂੰ 17 ਮਾਰਚ, 2011 ਨੂੰ ਪੰਜਾਬ ਵਿਧਾਨ ਸਭਾ, ਸਕੱਤਰੇਤ (ਭਲਾਈ ਕਮੇਟੀ ਸ਼ਾਖਾ) ਵਲੋਂ ਪੰਜਾਬ ਜਲ ਸਪਲਾਈ ਅਤੇ ਸੀਵਰੇਜ ਬੋਰਡ ਅਤੇ ਪੰਜਾਬ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ ਅਥਾਰਟੀ ਦੀ ਮੌਖਿਕ ਪ੍ਰੀਖਿਆ ਕੀਤੀ ਗਈ। ਇਸ ਮੌਖਿਕ ਪ੍ਰੀਖਿਆ ਮਗਰੋਂ ਪੰਜਾਬ ਵਿਧਾਨ ਸਭਾ ਵਿਖੇ ਸਥਾਪਿਤ ਕਮੇਟੀ ਵਲੋਂ 37ਵੀਂ ਰਿਪੋਰਟ ਜਾਰੀ ਕੀਤੀ ਗਈ।

ਪੰਜਾਬ ਵਿਧਾਨ ਸਭਾ, ਸਕੱਤਰੇਤ (ਭਲਾਈ ਕਮੇਟੀ ਸ਼ਾਖਾ) ਵਲੋਂ 17 ਮਾਰਚ 2011 ਨੂੰ ਪੇਸ਼ ਕੀਤੀ ਗਈ ਰਿਪੋਰਟ (ਅਨੁਲੱਗ-1) ਅਨੁਸਾਰ ਪੁੱਡਾ ਵਿਖੇ ਲੇਖਾ ਅਫਸਰਾਂ, ਭਾਗ ਅਫਸਰਾਂ ਅਤੇ ਲਾਅ ਅਫਸਰਾਂ ਦੇ ਕਾਡਰ ਵਿੱਚ ਬਕਾਇਆ ਰਹਿੰਦੇ ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ ਅਤੇ ਪਛੜੀਆਂ ਸ੍ਰੇਣੀਆਂ ਦੇ ਬੈਕਲਾਗ ਨੂੰ ਤੁਰੰਤ ਪੂਰ/ਭਰਨ ਲਈ ਨਿਮਨ ਲਿਖੇ ਅਨੁਸਾਰ ਸਿਫਾਰਸ਼ਾ ਪ੍ਰਾਪਤ ਹੋਈਆਂ:-

**ਕਮੇਟੀ ਦੀ ਸਿਫਾਰਸ਼:** ਕਮੇਟੀ ਸਿਫਾਰਸ਼ ਕਰਦੀ ਹੈ ਕਿ ਜਿਹੜੀਆਂ ਅਸਾਮੀਆਂ ਦਾ ਬੈਕਲਾਗ ਹੈ ਉਸ ਨੂੰ ਜਲਦ ਤੋਂ ਜਲਦ ਪੂਰਾ ਕੀਤਾ ਜਾਵੇ ਜੇਕਰ ਕੋਈ ਕਰਮਚਾਰੀ ਯੋਗ ਨਹੀਂ ਹੈ ਤਾਂ ਇਹ ਅਸਾਮੀ ਬਦਲੀ ਜਾਂ ਪ੍ਰਤੀਨਿਯੁਕਤੀ ਰਾਹੀਂ ਅਨੁਸੂਚਿਤ ਜਾਤੀ ਦੇ ਕਰਮਚਾਰੀ ਨਾਲ ਭਰੀ ਜਾਵੇ। ਜੇਕਰ ਵਿਭਾਗ ਦੇ ਨਿਯਮਾਂ ਵਿੱਚ ਅਜਿਹਾ ਕਰਨ ਲਈ ਸੋਧ ਕਰਨ ਦੀ ਜਰੂਰਤ ਹੈ ਤਾਂ ਉਨ੍ਹਾਂ ਵਿੱਚ ਸੋਧ ਕਰ ਲਈ ਜਾਵੇ।

ਕਮੇਟੀ ਦੀਆਂ ਉਕਤ ਸਿਫਾਰਸ਼ਾਂ ਦੇ ਸਨਮੁੱਖ ਪੁੱਡਾ ਵਲੋਂ ਉਲੀਕੀ ਜਾਣ ਵਾਲੀ ਕਾਰਵਾਈ ਸਬੰਧੀ ਪੱਤਰ ਨੰ: ਪੁੱਡਾ ਪ੍ਰਸ਼ਾਸਨ-ਅਸ-5/2011/11808 ਮਿਤੀ 02-06-2011 (ਅਨੁਲੱਗ-2) ਰਾਹੀਂ ਸਰਕਾਰ ਨੂੰ ਸੂਚਨਾ ਭੇਜਣ ਲਈ ਪ੍ਰਬੰਧਕੀ ਵਿਭਾਗ ਰਾਹੀਂ ਸੂਚਿਤ ਕੀਤਾ ਜਾ ਚੁੱਕਾ ਹੈ ਕਿ ਇਹ ਮਾਮਲਾ ਅਥਾਰਟੀ ਦੇ ਸਨਮੁੱਖ ਪੇਸ਼ ਕਰਨ ਲਈ ਵੱਖਰੇ ਤੌਰ ਤੇ ਵਿਚਾਰ ਅਧੀਨ ਹੈ ਅਤੇ ਅਥਾਰਟੀ ਦੇ ਫੈਸਲੇ ਸਬੰਧੀ ਸਰਕਾਰ ਨੂੰ ਸੂਚਨਾ ਭੇਜ ਦਿੱਤੀ ਜਾਵੇਗੀ। ਪੁੱਡਾ ਕਰਮਚਾਰੀ ਸਰਵਿਸ ਰੈਗੂਲੇਸ਼ਨ 1999 ਰਾਹੀਂ ਜਿਥੇ ਲੇਖਾ ਅਫਸਰ, ਭਾਗ ਅਫਸਰ ਅਤੇ ਕਾਨੂੰਨੀ ਅਫਸਰਾਂ ਦੀਆਂ ਅਸਾਮੀਆਂ ਨੂੰ 100% ਪਦ ਉਨਤੀ ਰਾਹੀਂ ਭਰਨ ਦਾ ਉਪਬੰਧ ਕੀਤਾ ਹੋਇਆ ਹੈ ਉਥੇ ਉਸਦੇ ਨਾਲ-2 ਪ੍ਰਤੀ ਨਿਯੁਕਤੀ ਰਾਹੀਂ ਭਰਨ ਲਈ ਵੀ ਉਪਬੰਧ ਕੀਤਾ ਹੋਇਆ ਹੈ। ਪਰ ਪਦ ਉਨਤੀ ਰਾਹੀਂ ਭਰੀਆਂ ਜਾਣ ਵਾਲੀਆਂ ਅਸਾਮੀਆਂ ਸਬੰਧੀ ਅਥਾਰਟੀ ਦੀ 23ਵੀਂ ਮੀਟਿੰਗ ਦੀ ਮੱਦ ਨੰ: 23.17 ਅਧੀਨ ਲਏ ਗਏ ਫੈਸਲੇ ਅਨੁਸਾਰ ਪੁੱਡਾ ਕਰਮਚਾਰੀ ਸਰਵਿਸ ਰੈਗੂਲੇਸ਼ਨ 1999 ਤਹਿਤ ਪਦ ਉਨਤੀ ਦੀਆਂ ਅਸਾਮੀਆਂ ਪ੍ਰਤੀ ਨਿਯੁਕਤੀ ਨਾਲ ਭਰਨ ਸਬੰਧੀ ਦਫਤਰੀ ਹੁਕਮ ਪੱਤਰ ਨੰ: ਪੁੱਡਾ-ਪ੍ਰਸ਼ਾਸਨ-ਅਸ-7/2003/41076-170 ਮਿਤੀ 17-11-2003 (ਅਨੁਲੱਗ-3) ਰਾਹੀਂ ਨਿਮਨ ਅਨੁਸਾਰ ਉਪਬੰਧ/ਰੋਕ ਕੀਤੀ ਹੋਈ ਹੈ:-

1. One of the Mode of recruitment shall be by ‘transfer’ Employees shall be taken on deputation in rare cases as an interim arrangement.
2. Employees shall be taken on deputation/by transfer only against direct quota post.

ਉਪਰੋਕਤ ਦੇ ਸਬੰਧ ਵਿੱਚ ਦੱਸਿਆ ਜਾਂਦਾ ਹੈ ਕਿ ਜੇਕਰ ਤਰੱਕੀ ਦੀਆਂ ਅਸਾਮੀਆਂ ਦੇ ਵਿਰੁੱਧ ਪ੍ਰਤੀ ਨਿਯੁਕਤੀ ਤੇ ਕਰਮਚਾਰੀ ਲਏ ਜਾਂਦੇ ਹਨ ਤਾਂ ਮੌਜੂਦਾ ਕਰਮਚਾਰੀਆਂ ਵਿੱਚ ਰੋਸ ਹੋਵੇਗਾ। ਕਿਉਂ ਜੋ ਜਿਨ੍ਹਾਂ ਕਰਮਚਾਰੀਆਂ ਨੂੰ ਪ੍ਰਤੀ ਨਿਯੁਕਤੀ ਤੇ ਲਿਆ ਜਾਂਦਾ ਹੈ ਉਨ੍ਹਾਂ ਨੂੰ ਵਾਪਸ ਭੇਜਣਾ ਅਕਸਰ ਮੁਸ਼ਕਿਲ ਹੋ ਜਾਂਦਾ ਹੈ ਅਤੇ ਇਸ ਤਰ੍ਹਾਂ ਮੌਜੂਦਾ ਕਰਮਚਾਰੀਆਂ ਦੀ ਤਰੱਕੀ ਵਿੱਚ ਦੇਰੀ ਹੋ ਸਕਦੀ ਹੈ। ਇਸ ਤੋਂ ਇਲਾਵਾ ਜੇਕਰ ਹੋਰ ਵਿਭਾਗਾਂ ਤੋਂ ਪ੍ਰਤੀ ਨਿਯੁਕਤੀ ਤੇ ਅਨੁਸੂਚਿਤ ਜਾਤੀ ਦੇ ਕਰਮਚਾਰੀਆਂ ਨੂੰ ਲਿਆ ਵੀ ਜਾਂਦਾ ਹੈ ਤਾਂ ਉਨ੍ਹਾਂ ਵਿਭਾਗਾਂ ਵਿੱਚ ਵੀ ਬੈਕਲਾਗ ਦੀ ਸਮੱਸਿਆ ਹੋ ਜਾਵੇਗੀ। ਇਸ ਲਈ ਬੈਕਲਾਗ ਨੂੰ ਪੂਰ ਕਰਨ ਦਾ ਇਹ ਹੱਲ ਉਚਿਤ ਨਹੀਂ ਜਾਪਦਾ।

ਇਸ ਲਈ ਇਹ ਯੋਗ ਹੋਵੇਗਾ ਕਿ ਪੰਜਾਬ ਵਿਧਾਨ ਸਭਾ ਦੀ ਕਮੇਟੀ ਵਲੋਂ ਕੀਤੀ ਗਈ ਸਿਫਾਰਸ਼ਾਂ ਦੇ ਸਨਮੁੱਖ ਉਨ੍ਹਾਂ ਨੂੰ ਇਹ ਕਹਿਣਾ ਉਚਿਤ ਹੋਵੇਗਾ ਕਿ ਉਹ, ਉਨ੍ਹਾਂ ਵਲੋਂ ਕੀਤੀ ਗਈ ਸਿਫਾਰਸ਼ ਤੇ ਮੁੜ ਗੌਰ ਕਰਨ। ਪਰ ਜੇਕਰ ਅਥਾਰਟੀ ਪੰਜਾਬ ਵਿਧਾਨ ਸਭਾ ਦੀ ਕਮੇਟੀ ਵਲੋਂ ਕੀਤੀ ਗਈ ਸਿਫਾਰਸ ਨੂੰ ਪੁੱਡਾ ਵਿੱਚ ਲਾਗੂ ਕਰਨ ਦਾ ਫੈਸਲਾ ਕਰਦੀ ਹੈ ਤਾਂ ਹਦਾਇਤਾਂ ਵਿੱਚ ਹੇਠ ਲਿਖੇ ਅਨੁਸਾਰ ਸੋਧ ਕਰਨੀ ਹੋਵੇਗੀ:-

Employees shall be taken on deputation/ by transfer only against direct quota post. However to fill the backlog of SC/ST the employees also can be taken on deputation/ by transfer against promotion quota post also subject to the condition that such deputationists shall be reverted as & when any employee of the authority becomes eligible to be promoted against the SC/ST post.

ਮਾਮਲਾ ਅਥਾਰਟੀ ਦੇ ਸਨਮੁੱਖ ਫੈਸਲੇ ਲਈ ਪੇਸ਼ ਹੈ।

2. **ਅਕਾਉਂਟਸ ਅਫ਼ਸਰ ਕਾਰਡ 09 ਆਸਾਮੀਆਂ (ਤਰੱਕੀ ਰਾਹੀਂ):**

ਭਲਾਈ ਵਿਭਾਗ ਨੇ ਆਪਣੀ ਰੋਸਟਰ ਚੈਕਿੰਗ ਰਿਪੋਰਟ ਵਿੱਚ ਦੱਸਿਆ ਹੈ ਕਿ ਇਹ ਕਾਡਰ 09 ਆਸਾਮੀਆਂ ਦਾ ਹੈ। ਇਸ ਵਿੱਚ ਰਿਜਰਵੇਸ਼ਨ ਦੇ ਆਧਾਰ ਤੇ 02 ਨੁੱਕਤੇ ਅਨੁਸੂਚਿਤ ਜਾਤੀ ਦੇ ਹਿੱਸੇ ਦੇਣੇ ਬਣਦੇ ਹਨ। ਮਿਤੀ 11.04.2000 ਤੋਂ ਮਿਤੀ 20.7.2005 ਤੱਕ 10 ਨੁੱਕਤੇ ਭਰੇ ਗਏ ਹਨ। ਅਸਲ ਸਥਿਤੀ ਅਨੁਸਾਰ ਇਹ ਕਾਡਰ ਤਹਿਤ 09 ਅਧਿਕਾਰੀ ਕੰਮ ਕਰ ਰਹੇ ਹਨ ਜਿੰਨ੍ਹਾਂ ਵਿੱਚ ਅਨੁਸੂਚਿਤ ਜਾਤੀ ਦੇ ਹਿੱਸੇ 02 ਆਸਾਮੀਆਂ ਦੇਣੀਆਂ ਬਣਦੀਆਂ ਹਨ ਪਰ ਰਿਜਰਵੇਸ਼ਨ ਦੇ ਆਧਾਰ ਤੇ 01 ਅਧਿਕਾਰੀ ਕੰਮ ਕਰ ਰਿਹਾ ਹੈ।

ਅਨੁਸੂਚਿਤ ਜਾਤੀ ਦੇ 01 ਆਸਾਮੀ ਦਾ ਬੈਕਲਾਗ ਹੈ।

ਮੌਖਿਕ ਪ੍ਰੀਖਿਆ ਦੌਰਾਨ ਕਮੇਟੀ ਨੇ ਵਿਭਾਗੀ ਪ੍ਰਤੀਨਿਧੀਆਂ ਤੋਂ ਪੁੱਛਿਆਂ ਕਿ ਜਿਹੜਾ 01 ਆਸਾਮੀ ਦਾ ਬੈਕਲਾਗ ਹੈ ਉਸ ਦੇ ਕੀ ਕਾਰਨ ਹਨ। ਵਿਭਾਗੀ ਪ੍ਰਤੀਨਿਧੀਆਂ ਆਸਾਮੀਆਂ ਦੇਣੀਆਂ ਬਣਦੀਆਂ ਹਨ। ਰਿਜਰਵੇਸ਼ਨ ਦੇ ਆਧਾਰ ਤੇ 02 ਅਧਿਕਾਰੀ ਕੰਮ ਕਰ ਰਹੇ ਹਨ। ਅਨੁਸੂਚਿਤ ਜਾਤੀ ਦੀ 01 ਆਸਾਮੀ ਦਾ ਬੈਕਲਾਗ ਹੈ।

ਕਮੇਟੀ ਨੇ ਵਿਭਾਗੀ ਪ੍ਰਤੀਨਿਧੀਆਂ ਤੋਂ ਜਾਨਣਾ ਚਾਹਿਆਂ ਕਿ 01 ਆਸਾਮੀ ਦਾ ਜੋ ਬੈਕਲਾਗ ਹੈ ਉਸ ਦੇ ਕੀ ਕਾਰਨ ਹਨ ਅਤੇ ਉਸਨੂੰ ਹੁਣ ਤੱਕ ਕਿਉਂ ਨਹੀਂ ਭਰਿਆ ਗਿਆ। ਵਿਭਾਗੀ ਪ੍ਰਤੀਨਿਧੀਆਂ ਨੇ ਕਮੇਟੀ ਨੂੰ ਦੱਸਿਆ ਕਿ ਇਸ ਕਾਡਰ ਵਿੱਚ 01 ਪੋਸ਼ਟ ਖਾਲੀ ਪਈ ਹੈ ਅਤੇ ਜਿਸ ਐਸ.ਸੀ. ਕਰਮਚਾਰੀ ਦੀ ਪ੍ਰਮੋਸ਼ਨ ਡੀਊ ਹੈ ਉਸ ਦਾ ਨਾਮ ਗੁਰਜੰਟ ਸਿੰਘ ਹੈ। ਉਸਦਾ 12 ਅਪ੍ਰੈਲ ਤੋਂ ਲਿਫਾਫਾ ਬੰਦ ਪਿਆ ਹੈ ਅਤੇ ਉਸ ਦੇ ਖਿਲਾਫ ਇੰਨਕੁਆਰੀ ਚੱਲ ਰਹੀ ਹੈ। ਜੇਕਰ ਉਸ ਦੋਸ਼ੀ ਸਿੱਧ ਹੋ ਜਾਂਦਾ ਹੈ ਤਾਂ ਉਹ ਤਰੱਕੀ ਲਈ ਹੱਕਦਾਰ ਨਹੀਂ ਹੋਵੇਗਾ ਅਤੇ ਇਹ ਆਸਾਮੀ ਅਗਲੇ ਐਸ.ਸੀ. ਉਮੀਦਵਾਰ ਨੂੰ ਚਲੀ ਜਾਵੇਗੀ। ਜੇਕਰ ਫੈਸਲਾ ਉਸ ਦੇ ਹੱਕ ਵਿੱਚ ਹੁੰਦਾ ਹੈ ਤਾ ਉਸ ਦੀ ਤਰੱਕੀ ਕਰ ਦਿੱਤੀ ਜਾਵੇਗੀ।

**ਸਿਫਾਰਸ਼ :**

**ਕਮੇਟੀ ਸਿਫਾਰਸ਼ ਕਰਦੀ ਹੈ ਕਿ ਸੁਪਰਡੰਟ ਗ੍ਰੇਡ-1 ਦੀ ਆਸਾਮੀ ਲਈ ਜਿਸ ਐਸ.ਸੀ. ਕਰਮਚਾਰੀ ਦੀ ਤਰੱਕੀ ਡੀਊ ਹੈ ਅਤੇ ਉਸ ਦਾ ਲਿਫਾਫਾ 12 ਅਪ੍ਰੈਲ ਤੋਂ ਬੰਦ ਪਿਆ ਹੈ ਉਸ ਦੀ ਇੰਨਕੁਆਰੀ ਦੋ ਮਹੀਨਿਆਂ ਦੇ ਅੰਦਰ-ਅੰਦਰ ਪਰੀ ਕੀਤੀ ਜਾਵੇ ਅਤੇ ਜੇਕਰ ਉਹ ਨਿਰਦੋਸ਼ ਪਾਇਆ ਜਾਂਦਾ ਹੈ ਤਾਂ ਉਸ ਨੂੰ ਬਣਦੀ ਮਿਤੀ ਤੋਂ ਤਰੱਕੀ ਦਿੱਤੀ ਜਾਵੇ। ਜੇਕਰ ਦੋ ਮਹੀਨਿਆਂ ਵਿੱਚ ਇੰਨਕੁਆਰੀ ਪੂਰੀ ਨਹੀਂ ਹੁੰਦੀ ਤਾਂ ਉਸ ਨੂੰ ਪੈਡਿੰਗ ਇੰਨਕੁਆਰੀ ਤੇ ਪਦ-ਉਨਤ ਕਰਕੇ ਕਮੇਟੀ ਨੂੰ ਸੂਚਿਤ ਕੀਤਾ ਜਾਵੇ।**

10. ਭਾਗ ਅਫ਼ਸਰ ਕਾਡਰ 29 ਆਸਾਮੀਆਂ (ਤਰੱਕੀ ਰਾਹੀਂ)

ਇਹ ਕਾਡਰ 29 ਆਸਾਮੀਆਂ ਦਾ ਹੈ। ਇਸ ਵਿੱਚ ਰਿਜਰਵੇਸ਼ਨ ਦੇ ਆਧਾਰ ਤੇ 04 ਨੁੱਕਤੇ ਅਨੁਸੂਚਿਤ ਜਾਤੀ ਦੇ ਹਿੱਸੇ ਦੇਣੇ ਬਣਦੇ ਹਨ। ਮਿਤੀ 1.12.1988 ਤੋਂ ਮਿਤੀ 27.07.2009 ਤੱਕ 28 ਨੁੱਕਤੇ ਭਰੇ ਗਏ ਹਨ। ਅਸਲ ਸਥਿਤੀ ਅਨੁਸਾਰ ਇਸ ਕਾਡਰ ਤਹਿਤ 17 ਅਧਿਕਾਰੀ ਕੰਮ ਕਰ ਰਹੇ ਹਨ ਜਿੰਨ੍ਹਾਂ ਵਿੱਚ ਅਨੁਸੂਚਿਤ ਜਾਤੀ ਦੇ ਹਿੱਸੇ 03 ਆਸਾਮੀਆਂ ਦੇਣੀਆਂ ਬਣਦੀਆਂ ਹਨ। ਰਿਜਰਵੇਸ਼ਨ ਦੇ ਆਧਾਰ ਤੇ ਕੋਈ ਅਧਿਕਾਰੀ ਕੰਮ ਨਹੀਂ ਕਰ ਰਿਹਾ ਹੈ।

ਅਨੁਸੂਚਿਤ ਜਾਤੀ ਦੀਆਂ 03 ਆਸਾਮੀਆਂ ਦਾ ਬੈਕਲਾਗ ਹੈ।

ਮੌਖਿਕ ਪ੍ਰੀਖਿਆ ਦੌਰਾਨ ਵਿਭਾਗੀ ਅਧਿਕਾਰੀਆਂ ਨੇ ਕਮੇਟੀ ਨੂੰ ਦੱਸਿਆ ਕਿ ਇਸ ਆਸਾਮੀ ਲਈ ਉਮੀਦਵਾਰ ਦਾ ਐਸ.ਏ.ਐਸ. ਹੋਣਾ ਬਹੁਤ ਜਰੂਰੀ ਹੈ। ਜਿਸ ਨੇ ਇਹ ਡਿਗਰੀ ਕੀਤੀ ਹੋਵੇਗੀ ਉਹੀ ਯੋਗ ਉਮੀਦਵਾਰ ਹੋਵੇਗਾ। ਇਹ ਪੋਸ਼ਟ ਖਾਲੀ ਪਈ ਹੈ ਜਦੋਂ ਵੀ ਕੋਈ ਉਮੀਦਵਾਰ ਯੋਗ ਹੋਵੇਗਾ ਇਹ ਪੋਸ਼ਟ ਭਰ ਲਈ ਜਾਵੇਗੀ।

**ਸਿਫਾਰਸ਼ :**

**ਕਮੇਟੀ ਸਿਫਾਰਸ਼ ਕਰਦੀ ਹੈ ਕਿ ਜਿਹੜਾ 03 ਆਸਾਮੀਆਂ ਦਾ ਬੈਕਲਾਗ ਹੈ ਉਸਨੂੰ ਜਲਦ ਤੋਂ ਜਲਦ ਪੂਰਾ ਕੀਤਾ ਜਾਵੇ। ਜੇਕਰ ਕੋਈ ਕਰਮਚਾਰੀ ਅਲੀਜੀਬਲ ਨਹੀਂ ਹੈ ਤਾਂ ਇਹ ਆਸਾਮੀ ਬਦਲੀ ਜਾਂ ਡੈਪੂਟੇਸ਼ਨ ਰਾਹੀਂ ਅਨੁਸੂਚਿਤ ਜਾਤੀ ਦੇ ਕਰਮਚਾਰੀ ਨਾਲ ਭਰੀ ਜਾਵੇ। ਜੇਕਰ ਵਿਭਾਗ ਦੇ ਨਿਯਮਾਂ ਵਿੱਚ ਅਜਿਹਾ ਕਰਨ ਲਈ ਸੋਧ ਕਰਨ ਦੀ ਜਰੂਰਤ ਹੈ ਤਾਂ ਇਨ੍ਹਾਂ ਵਿੱਚ ਸੋਧ ਕਰ ਲਈ ਜਾਵੇ।**

16. ਲਾਅ ਅਫਸਰ ਕਾਡਰ 22 (ਤਰੱਕੀ ਰਾਹੀਂ) 25%-5 ਆਸਾਮੀਆਂ

ਭਲਾਈ ਵਿਭਾਗ ਨੇ ਆਪਣੀ ਰੋਸਟਰ ਚੈਕਿੰਗ ਰਿਪੋਰਟ ਵਿੱਚ ਦੱਸਿਆ ਹੈ ਕਿ ਇਹ ਕਾਡਰ 05 ਆਸਾਮੀਆਂ ਦਾ ਹੈ। ਇਸ ਵਿੱਚ ਰਿਜਰਵੇਸ਼ਨ ਦੇ ਆਧਾਰ ਤੇ 01 ਨੁੱਕਤਾ ਅਨੁਸੂਚਿਤ ਜਾਤੀ ਦੇ ਹਿੱਸੇ ਦੇਣਾ ਬਣਦਾ ਹੈ। ਰੋਸਟਰ ਰਜਿਸਟਰ ਅਨੁਸਾਰ ਮਿਤੀ 09.09.1988 ਤੋਂ ਮਿਤੀ 07.11.2006 ਤੱਕ 05 ਨੁੱਕਤੇ ਭਰੇ ਗਏ ਹਨ। ਅਸਲ ਸਥਿਤੀ ਅਨੁਸਾਰ ਇਸ ਕਾਡਰ ਤਹਿਤ 03 ਅਧਿਕਾਰੀ ਕੰਮ ਕਰ ਰਹੇ ਹਨ ਜਿੰਨ੍ਹਾਂ ਵਿੱਚ ਅਨੁਸੂਚਿਤ ਜਾਤੀ ਦੇ ਹਿੱਸੇ 01 ਆਸਾਮੀ ਦੇਣੀ ਬਣਦੀ ਹੈ ਪਰ ਰਿਜਰਵੇਸ਼ਨ ਦੇ ਆਧਾਰ ਤੇ ਕੋਈ ਅਧਿਕਾਰੀ ਕੰਮ ਨਹੀਂ ਕਰ ਰਿਹਾ ਹੈ।

ਅਨੁਸੂਚਿਤ ਜਾਤੀ ਦੀ 01 ਆਸਾਮੀ ਦਾ ਬੈਕਲਾਗ ਹੈ।

ਮੌਖਿਕ ਪ੍ਰੀਖਿਆ ਦੌਰਾਨ ਵਿਭਾਗੀ ਪ੍ਰਤੀਨਿਧੀਆਂ ਨੇ ਕਮੇਟੀ ਨੂੰ ਦੱਸਿਆ ਕਿ ਇਸ ਕਾਡਰ ਵਿੱਚ 01 ਆਸਾਮੀ ਦਾ ਬੈਕਲਾਗ ਹੈ। ਵਿਭਾਗ ਵਿੱਚ ਅਜੇ ਕੋਈ ਵੀ ਯੋਗ ਉਮੀਦਵਾਰ ਉਪਲੱਭਦ ਨਹੀਂ ਹੈ। ਜਦੋਂ ਕਿ ਕੋਈ ਅਨੁਸੂਚਿਤ ਜਾਤੀ ਦਾ ਯੋਗ ਉਮੀਦਵਾਰ

ਸਿਫਾਰਸ਼ :

ਕਮੇਟੀ ਸਿਫਾਰਸ਼ ਕਰਦੀ ਹੈ ਕਿ ਜਿਹੜਾ 01 ਆਸਾਮੀ ਦਾ ਬੈਕਲਾਗ ਉਸਨੂੰ ਡੈਪੂਟੇਸ਼ਨ ਜਾਂ ਬਦਲੀ ਰਾਹੀਂ ਅਨੁਸੂਚਿਤ ਜਾਤੀ ਦੇ ਕਰਮਚਾਰੀ ਨਾਲ ਪਹਿਲ ਦੇ ਆਧਾਰ ਤੇ ਭਰ ਕੇ ਕਮੇਟੀ ਨੂੰ ਸੂਚਿਤ ਕੀਤਾ ਜਾਵੇ।

# ਪੰਜਾਬ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ ਅਥਾਰਿਟੀ
## ਪੁੱਡਾ ਭਵਨ ਸੈਕਟਰ-62, ਐਸ.ਏ.ਐਸ. ਨਗਰ
## (ਪ੍ਰਸ਼ਾਸਨ ਸਾਖਾ)

**ਸੇਵਾ ਵਿਖੇ**

ਸਕੱਤਰ,
ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਵਿਭਾਗ,
ਮਕਾਨ ਉਸਾਰੀ (ਸ਼ਾਖਾ-2),
ਚੰਡੀਗੜ੍ਹ।

ਨੰ: ਪੁੱਡਾ-ਪ੍ਰ-ਅਸ-5/2011/ 11808
ਮਿਤੀ: 2-6-2011

**ਵਿਸ਼ਾ:** ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ ਅਤੇ ਪਛੜੀਆਂ ਸ੍ਰੇਣੀਆਂ ਦੀ ਭਲਾਈ ਕਮੇਟੀ ਦੀ 37ਵੀਂ ਰਿਪੋਰਟ ਵਿੱਚ ਦਰਜ ਸਿਫਾਰਸ਼ਾਂ ਬਾਰੇ।

ਆਪ ਜੀ ਦੇ ਦਫਤਰ ਦੇ ਪੱਤਰ ਨੰ: 15/13/11-5ਮਓ2/1310 ਮਿਤੀ 05-05-2011 ਦੇ ਹਵਾਲੇ ਵਿੱਚ।

ਉਪਰੋਕਤ ਵਿਸ਼ੇ ਸਬੰਧੀ ਆਪ ਵਲੋਂ ਪ੍ਰਾਪਤ ਪੰਜਾਬ ਵਿਧਾਨ ਸਭਾ ਸਕੱਤਰੇਤ ਭਲਾਈ ਕਮੇਟੀ ਵਲੋਂ ਦਿੱਤੇ ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ ਅਤੇ ਪਛੜੀਆਂ ਸ੍ਰੇਣੀਆਂ ਦੀ ਭਲਾਈ ਕਮੇਟੀ ਦੀ 37ਵੀਂ ਰਿਪੋਰਟ ਵਿੱਚ ਦਿੱਤੀ ਗਈ ਸਿਫਾਰਸ਼ਾਂ ਨੂੰ ਸਮਰੱਥ ਅਧਿਕਾਰੀ ਦੇ ਲੈਵਲ ਤੇ ਵਿਚਾਰਿਆ ਗਿਆ ਅਤੇ ਵਿਚਾਰਨ ਉਪਰੰਤ ਪਾਇਆ ਗਿਆ ਕਿ ਉਨ੍ਹਾਂ ਵਲੋਂ ਲੇਖਾ ਅਫਸਰ, ਭਾਗ ਅਫਸਰ ਅਤੇ ਲਾਅ ਅਫਸਰਾਂ ਦੇ ਕਾਡਰਾਂ ਵਿੱਚ ਇਹ ਕਿਹਾ ਗਿਆ ਕਿ ਇਹ ਅਸਾਮੀਆਂ ਜੇਕਰ ਕੋਈ ਕਰਮਚਾਰੀ ਅਲੀਜੀਬਲ ਨਹੀਂ ਹੈ ਤਾਂ ਇਹ ਅਸਾਮੀਆਂ ਪ੍ਰਤੀ ਨਿਯੁਕਤੀ ਰਾਹੀਂ ਜਾਂ ਤਬਦੀਲੀ ਰਾਹੀਂ ਭਰ ਲਈਆਂ ਜਾਣ। ਇਸ ਸਬੰਧ ਵਿੱਚ ਆਪ ਜੀ ਦੇ ਧਿਆਨ ਵਿੱਚ ਲਿਆਂਦਾ ਜਾਂਦਾ ਹੈ ਕਿ ਪੁੱਡਾ ਅਥਾਰਟੀ ਵਲੋਂ ਆਪਣੀ 23ਵੀਂ ਮੀਟਿੰਗ ਵਿੱਚ ਇਹ ਫੈਸਲਾ ਲਿਆ ਗਿਆ ਸੀ ਕਿ ਕੋਈ ਵੀ ਕਰਮਚਾਰੀ ਪ੍ਰਤੀ ਨਿਯੁਕਤੀ ਤੇ ਜਾਂ ਫਿਰ ਤਬਦੀਲੀ ਰਾਹੀਂ ਜੋ ਲਿਆ ਜਾਣਾ ਹੈ ਤਾਂ ਉਹ ਸਿੱਧੀ ਭਰਤੀ ਦੇ ਕੋਟੇ ਦੀਆਂ ਅਸਾਮੀਆਂ ਵਿਰੁੱਧ ਹੀ ਲਿਆ ਜਾਣਾ ਹੈ। ਇਸ ਤਰ੍ਹਾਂ ਜੇਕਰ ਕਮੇਟੀ ਦੀ ਸਿਫਾਰਸ਼ਾਂ ਧਿਆਨ ਵਿੱਚ ਰੱਖਦੇ ਹੋਏ ਕੋਈ ਰੈਗੂਲੇਸ਼ਨ ਵਿੱਚ ਸੋਧ ਕੀਤੀ ਜਾਣੀ ਹੈ ਤਾਂ ਇਸ ਸਬੰਧੀ ਮਾਮਲਾ ਅਥਾਰਟੀ ਦੇ ਧਿਆਨ ਵਿੱਚ ਲਿਆਂਦੇ ਹੋਏ ਹੀ ਫੈਸਲਾ ਲਿਆ ਜਾਣਾ ਹੈ।

ਇਸ ਲਈ ਆਪ ਨੂੰ ਉਪਰੋਕਤ ਅੰਤ੍ਰਿਮ ਸੂਚਨਾ ਭੇਜਦੇ ਹੋਏ ਸੂਚਿਤ ਕੀਤਾ ਜਾਂਦਾ ਹੈ ਕਿ ਪੰਜਾਬ ਵਿਧਾਨ ਸਭਾ ਦੀ ਕਾਰੋਬਾਰੀ ਕਮੇਟੀ ਵਲੋਂ ਪ੍ਰਾਪਤ ਸਿਫਾਰਸ਼ਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਇਹ ਮਾਮਲਾ ਅਥਾਰਟੀ ਦੇ ਸਨਮੁੱਖ ਪੇਸ਼ ਕਰਨ ਲਈ ਵੱਖਰੇ ਤੌਰ ਤੇ ਵਿਚਾਰ ਅਧੀਨ ਹੈ ਅਤੇ ਅਥਾਰਟੀ ਵਲੋਂ ਜੋ ਵੀ ਫੈਸਲਾ ਲਿਆ ਜਾਵੇਗਾ ਉਸ ਸਬੰਧ ਵਿੱਚ ਆਪ ਨੂੰ ਸੂਚਿਤ ਕਰ ਦਿੱਤਾ ਜਾਵੇਗਾ।

ਵਧੀਕ ਮੁੱਖ ਪ੍ਰਸ਼ਾਸਕ (ਮੁੱ:ਦ:)
ਵਾ: ਮੁੱਖ ਪ੍ਰਸ਼ਾਸਕ।

**ਅਜੰਡਾ ਆਇਟਮ ਨੰ: 45.05**

ਪ੍ਰਸ਼ਾਸਨ ਸ਼ਾਖਾ (ਅਮਲਾ)

**ਵਿਸ਼ਾ: ਸਹਾਇਕ ਜਨਰਲ ਮੈਨੇਜਰ (ਐਚ.ਆਰ) ਦੀ ਅਸਾਮੀ ਨੂੰ ਕੰਟਰੈਕਟ ਬੇਸਿਜ ਤੇ ਭਰਨ ਦੀ ਬਜਾਏ ਸਹਾਇਕ ਮੈਨੇਜਰ ਦੀ ਅਸਾਮੀ ਤੋਂ ਪਦ ਉਨਤੀ ਰਾਹੀਂ ਭਰਨ ਬਾਰੇ।**

ਪੰਜਾਬ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ ਅਥਾਰਟੀ (ਸਰਵਿਸ) ਰੈਗੂਲੇਸ਼ਨ 1999 ਤਹਿਤ ਸਹਾਇਕ ਜਨਰਲ ਮੈਨੇਜਰ (ਐਚ.ਆਰ) ਦੀ ਅਸਾਮੀ ਦੀ ਰਚਨਾ ਤਨਖਾਹ ਸਕੇਲ 15600-39100 ਗਰੇਡ ਪੇ 7600/- ਰੁਪਏ ਵਿੱਚ ਕੀਤੀ ਹੋਈ ਸੀ। ਅਥਾਰਟੀ ਦੀ 43ਵੀਂ ਮੀਟਿੰਗ ਦੇ ਫੈਸਲੇ ਅਨੁਸਾਰ ਏ.ਜੀ.ਐਮ (ਐਚ.ਆਰ) ਦੀ ਅਸਾਮੀ ਨੂੰ ਰੈਗੂਲਰ ਸਕੇਲ ਵਿੱਚ ਭਰਨ ਦੀ ਬਜਾਏ ਕੰਟਰੈਕਟ ਬੇਸਿਜ ਤੇ ਭਰਨ ਦਾ ਫੈਸਲਾ ਕੀਤਾ ਗਿਆ ਜਿਸ ਅਨੁਸਾਰ ਪੁੱਡਾ ਕਰਮਚਾਰੀ (ਸਰਵਿਸ) ਰੈਗੂਲੇਸ਼ਨ 1999 ਵਿੱਚ ਇਸ ਅਸਾਮੀ ਨੂੰ ਕੰਟਰੈਕਟ ਬੇਸਿਜ ਤੇ ਸਿੱਧੀ ਭਰਤੀ ਰਾਹੀਂ ਭਰਨ ਲਈ ਰਾਖਵੀਂ ਵਿਦਿਅਕ ਯੋਗਤਾ ਨਿਰਧਾਰਤ ਕਰਨ ਸਬੰਧੀ ਸੋਧ ਕੀਤੀ ਗਈ। ਕਿਉਂਜੋ ਏ.ਜੀ.ਐਮ (ਐਚ.ਆਰ) ਦੀ ਅਸਾਮੀ ਕੰਟਰੈਕਟ ਬੇਸਿਜ ਤੇ ਭਰਨ ਮਗਰੋਂ ਨਿਯੁਕਤ ਕੀਤੇ ਜਾਣ ਵਾਲੇ ਕਰਮਚਾਰੀ ਨੂੰ ਪ੍ਰਸ਼ਾਸਨ (ਅਮਲਾ) ਅਤੇ ਤਕਨੀਕੀ ਅਮਲੇ ਦੀ establishment ਡੀਲ ਕਰਨ ਸਬੰਧੀ ਵਧੀਕ ਮੁੱਖ ਪ੍ਰਸ਼ਾਸਕ (ਮੁੱ:ਦ:) ਦੇ ਅਧੀਨ ਤੈਨਾਤ ਕਰਨ ਦੀ ਤਜਵੀਜ ਸੀ। ਇਸ ਸਾਰੇ ਮਾਮਲੇ ਤੇ ਵਿਚਾਰ ਕਰਨ ਮਗਰੋਂ ਇਹ ਤੱਥ ਸਾਹਮਣੇ ਆਏ ਕਿ ਪੁੱਡਾ ਕਰਮਚਾਰੀ ਸਰਵਿਸ ਰੈਗੂਲੇਸ਼ਨ 1999 ਤਹਿਤ ਸਹਾਇਕ ਮੈਨੇਜਰ ਦੀ ਇਕ ਅਸਾਮੀ ਦੀ ਰਚਨਾ ਕੀਤੀ ਹੋਈ ਹੈ ਜਿਸ ਤੇ ਦਸੰਬਰ 1998 ਤੋਂ ਸ੍ਰੀਮਤੀ ਇੰਦਰਜੀਤ ਕੌਰ ਬਤੌਰ ਸਹਾਇਕ ਮੈਨੇਜਰ ਨਿਯੁਕਤ ਕੀਤੇ ਹੋਏ ਹਨ। ਇਹ ਕਰਮਚਾਰੀ ਇਸ ਅਸਾਮੀ ਤੇ ਦਸੰਬਰ 1998 ਤੋਂ ਲਗਾਤਾਰ ਕੰਮ ਕਰ ਰਹੀ ਹੈ ਪਰ ਰੈਗੂਲੇਸ਼ਨ ਅਨੁਸਾਰ ਇਸ ਅਸਾਮੀ ਤੋਂ ਕਰਮਚਾਰੀ ਨੂੰ ਪਦ ਉਨਤ ਕਰਨ ਸਬੰਧੀ ਹੋਰ ਕੋਈ ਉਪਬੰਧ ਨਹੀਂ ਹੈ। ਸਹਾਇਕ ਜਨਰਲ ਮੈਨੇਜਰ ਦੀ ਅਸਾਮੀ ਸਹਾਇਕ ਮੈਨੇਜਰ ਦੀ ਅਸਾਮੀ ਤੋਂ ਉਚੇਰੇ ਸਕੇਲ ਵਿੱਚ ਹੈ ਜਿਸ ਦੇ ਸਨਮੁੱਖ ਸਹਾਇਕ ਜਨਰਲ ਮੈਨੇਜਰ ਦੀ ਅਸਾਮੀ ਨੂੰ ਸਿੱਧੀ ਭਰਤੀ ਦੀ ਅਸਾਮੀ ਦੀ ਬਜਾਏ ਜੇਕਰ ਪੁੱਡਾ ਦੇ ਸਹਾਇਕ ਮੈਨੇਜਰ ਦੀ ਅਸਾਮੀ ਤੋਂ ਪਦ ਉਨਤੀ ਰਾਹੀਂ ਭਰਿਆ ਜਾਂਦਾ ਹੈ ਤਾਂ ਅਜਿਹਾ ਕਰਨ ਨਾਲ ਇਕ ਤਾਂ ਸਹਾਇਕ ਮੈਨੇਜਰ ਦੀ ਅਸਾਮੀ ਤੇ ਕੰਮ ਕਰ ਰਹੇ ਕਰਮਚਾਰੀ ਨੂੰ ਕੋਈ ਵੀ ਪਦ ਉਨਤੀਨਾ ਮਿਲਣ ਕਰਕੇ ਉਸ ਦੇ ਸੇਵਾ ਕਾਲ ਵਿੱਚ ਆਈ ਖੜੋਤ ਦੂਰ ਹੋ ਜਾਵੇਗੀ ਅਤੇ ਦੂਜਾ ਪੁੱਡਾ ਨੂੰ ਇਕ ਰੈਗੂਲਰ ਤਜਰਬੇਕਾਰ/ਜਿੰਮੇਵਾਰ ਸਹਾਇਕ ਜਨਰਲ ਮੈਨੇਜਰ ਵੀ ਮਿਲ ਜਾਵੇਗਾ।

ਉਕਤ ਤੱਥਾਂ ਦੇ ਸਨਮੁੱਖ ਸਹਾਇਕ ਜਨਰਲ ਮੈਨੇਜਰ (ਐਚ.ਆਰ) ਦੀ ਕੰਟਰੈਕਟ ਬੇਸਿਜ ਦੀ ਰਚਿਤ ਅਸਾਮੀ ਨੂੰ ਰੈਗੂਲਰ ਸਕੇਲ ਵਿੱਚ ਤਬਦੀਲ ਕੀਤਾ ਜਾਣਾ ਹੈ। ਅਥਾਰਟੀ ਦੀ 43ਵੀਂ ਮੀਟਿੰਗ ਤੋਂ ਪਹਿਲਾਂ ਇਹ ਅਸਾਮੀ 15600-39100 ਗਰੇਡ ਪੇ 7600/- ਰੁਪਏ ਵਿੱਚ ਰਚਨਾ ਕੀਤੀ ਹੋਈ ਸੀ ਜਿਸ ਦੀ ਹੁਣ 15600-39100 ਗਰੇਡ ਪੇ 6600/- ਵਿੱਚ ਪਦ ਉਨਤੀ ਦੀ ਅਸਾਮੀ ਲਈ ਰਚਨਾ ਕੀਤੀ ਜਾਣੀ ਹੈ। ਸਹਾਇਕ ਜਨਰਲ ਮੈਨੇਜਰ (ਐਚ.ਆਰ) ਦੀ ਅਸਾਮੀ ਦੀ ਰਚਨਾ ਕਰਨ ਕਰਕੇ ਪੁੱਡਾ ਕਰਮਚਾਰੀ ਸਰਵਿਸ ਰੈਗੂਲੇਸ਼ਨ 1999 ਰਾਹੀਂ ਸਹਾਇਕ ਮੈਨੇਜਰ ਦੀ ਅਸਾਮੀ ਜੋ ਕਿ 10300-34800 ਗਰੇਡ ਪੇ 5000/- ਰੁਪਏ ਵਿੱਚ ਰਚੀ ਹੋਈ ਹੈ ਖਤਮ ਹੋ ਜਾਵੇਗੀ। ਸਹਾਇਕ ਜਨਰਲ ਮੈਨੇਜਰ (ਐਚ.ਆਰ) ਦੀ ਅਸਾਮੀ ਪੁੱਡਾ ਦੇ ਸਹਾਇਕ ਮੈਨੇਜਰ ਦੀ ਅਸਾਮੀ ਤੋਂ ਪਦ ਉਨਤੀ ਰਾਹੀਂ ਭਰਨ ਲਈ ਨਿਰਧਾਰਤ ਕੀਤੀ ਜਾਣ ਵਾਲੀ ਵਿਦਿਅਕ ਯੋਗਤਾ ਤੇ ਤਜਰਬੇ ਸਬੰਧੀ ਪੁੱਡਾ ਕਰਮਚਾਰੀ ਸਰਵਿਸ ਰੈਗੂਲੇਸ਼ਨ 1999 ਦੇ ਸਡਿਊਲਡ-3 (ਜਨਰਲ) ਗਰੁੱਪ-ਏ (ਜਨਰਲ) ਦੀ ਲੜੀ ਨੰ: 5 ਤਹਿਤ ਕੀਤੀ ਜਾਣ ਵਾਲੀ ਸੋਧ ਦੇ ਵੇਰਵੇ ਨਿਮਨ ਲਿਖਤ ਅਨੁਸਾਰ ਹਨ ਜਿਸ ਸਬੰਧੀ ਵੱਖਰੇ ਤੌਰ ਤੇ ਸੋਧੇ ਹੋਏ ਸਡਿਊਲ ਦੀ ਕਾਪੀ ਅਨਲੱਗ-1 ਤੇ ਰੱਖੀ ਜਾਂਦੀ ਹੈ।

**GROUP-A (GENERAL)**

| S.N | Designation of post | Source of appointment | Qualification and Experience |
|---|---|---|---|

| | | Promotion | Direct Recruitment | Deputa-tion | Promotion | Direct Recrui - tment | Deputation |
|---|---|---|---|---|---|---|---|
| 5. | Assistant General Manager (HR) | 100% | | | From amongst the Assistant Manager of the authority having atleast 5 years experience as such.<br><br>MBA in Human Resource Management.<br><br>**Or**<br><br>Masters in Personnel Management & Industrial Relation or equivalent Post Graduate Qualification in 1st division from a recognized University. | | Should be holding an identical or similar post or should possess qualification and experience prescribed by promotion if suitable persons by promotion are not available. |

ਉਪਰੋਕਤ ਰੈਗੂਲੇਸ਼ਨ ਵਿੱਚ ਸੋਧ ਹੋਣ ਉਪਰੰਤ ਸ੍ਰੀਮਤੀ ਇੰਦਰਜੀਤ ਕੌਰ, ਸਹਾਇਕ ਮੈਨੇਜਰ ਦੀ ਬਤੌਰ ਸਹਾਇਕ ਜਨਰਲ ਮੈਨੇਜਰ (ਐਚ.ਆਰ) ਦੀ ਅਸਾਮੀ ਤੇ ਪਦ ਉਨਤੀ ਕਰ ਦਿੱਤੀ ਜਾਵੇਗੀ।

ਮਾਮਲਾ ਅਥਾਰਟੀ ਦੇ ਸਨਮੁੱਖ ਵਿਚਾਰਨ ਹਿੱਤ ਪੇਸ਼ ਹੈ ਜੀ।

ਅਨੁਲੱਗ-1

## GROUP-A (GENERAL)

| S.N | Designation of post | Source of appointment | | | Qualification and Experience | | |
|---|---|---|---|---|---|---|---|
| | | **Promotion** | **Direct Recruitment** | **Deputa-tion** | **Promotion** | **Direct Recrui - tment** | **Deputation** |
| 5. | Assistant General Manager (HR) | 100% | | | From amongst the Assistant Manager of the authority having atleast 5 years experience as such.<br><br>MBA in Human Resource Management.<br><br>**Or**<br><br>Masters in Personnel Management & Industrial Relation or equivalent Post Graduate Qualification in 1st division from a recognized University. | | Should be holding an identical or similar post or should possess qualification and experience prescribed by promotion if suitable persons by promotion are not available. |